
ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 20*Issue 129 | Wednesday, June 30, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਮੈਟਰੋ ਵੈਨਕੂਵਰ ਵਿੱਚ ਗਰਮੀ ਨਾਲ ਹੋਈਆਂ 134 ਮੌਤਾਂ !



ਵੈਨਕੂਵਰ, 29 ਜੂਨ (ਪੋਸਟ ਬਿਊਰੋ) : ਮੈਟਰੋ ਵੈਨਕੂਵਰ ਦੀ ਪੁਲਿਸ ਦਾ ਕਹਿਣਾ ਹੈ ਕਿ ਤਿੰਨ ਵੱਡੇ ਸ਼ਹਿਰਾਂ ਵਿੱਚ ਪਿਛਲੇ ਕੁੱਝ ਦਿਨਾਂ ਵਿੱਚ ਹੀ ਲੋਕਾਂ ਦੇ ਅਚਾਨਕ ਮਾਰੇ ਜਾਣ ਦੀਆਂ ਰਿਪੋਰਟਾਂ ਵਿੱਚ ਕਾਫੀ ਵਾਧਾ ਹੋਇਆ ਹੈ। ਇਨ੍ਹਾਂ ਮੌਤਾਂ ਪਿੱਛੇ ਹੀਟ ਨੂੰ ਮੁੱਖ ਕਾਰਨ ਦੱਸਿਆ ਜਾ ਰਿਹਾ ਹੈ।

ਵੈਨਕੂਵਰ ਪੁਲਿਸ ਨੂੰ ਇਸ ਤਰ੍ਹਾਂ ਦੀਆਂ ਸੱਭ ਤੋਂ ਵੱਧ ਕਾਲਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੰਗਲਵਾਰ ਨੂੰ ਜਾਰੀ ਕੀਤੀ ਇੱਕ ਨਿਊਜ਼ ਰਲੀਜ਼ ਵਿੱਚ ਪੁਲਿਸ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਸ਼ੁੱਕਰਵਾਰ ਤੋਂ ਜਦੋਂ ਤੋਂ ਹੀਟ ਵੇਵ ਸ਼ੁਰੂ ਹੋਈ ਹੈ ਉਦੋਂ ਤੋਂ ਸਿਟੀ ਵਿੱਚ ਅਚਾਨਕ 65 ਮੌਤਾਂ ਹੋ ਚੁੱਕੀਆਂ ਹਨ। ਸਾਰਜੈਂਟ ਸਟੀਵ ਐਡੀਸਨ ਨੇ ਆਖਿਆ ਕਿ ਅੱਜ ਦੁਪਹਿਰ 1:45 ਤੱਕ ਹੀ ਆਫੀਸਰਜ਼ ਨੂੰ ਅਚਾਨਕ ਹੋਈਆਂ 20 ਮੌਤਾਂ ਸਬੰਧੀ ਕਾਰਵਾਈ ਕਰਨੀ ਪਈ। ਉਨ੍ਹਾਂ ਆਖਿਆ ਕਿ ਇਨ੍ਹਾਂ ਤੋਂ ਇਲਾਵਾ ਦਰਜਨ ਭਰ ਲੋਕਾਂ ਦੀ ਮੌਤ ਹੋਰ ਹੋਈ ਹੈ ਜਿੱਥੇ ਕਾਰਵਾਈ ਲਈ ਪੁਲਿਸ ਅਧਿਕਾਰੀਆਂ ਨੂੰ ਭੇਜਿਆ ਜਾਣਾ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਵਿੱਚੋਂ ਬਹੁਤੀਆਂ ਮੌਤਾਂ ਗਰਮੀ ਕਾਰਨ ਹੋਈਆਂ ਹਨ ਤੇ ਅੱਜ ਤੱਕ ਇਸ ਤਰ੍ਹਾਂ ਪਹਿਲਾਂ ਕਦੇ ਵੇਖਣ ਨੂੰ ਨਹੀਂ ਸੀ ਮਿਲਿਆ।

ਇਸੇ ਤਰ੍ਹਾਂ ਬਰਨਾਬੀ ਆਰਸੀਐਮਪੀ ਨੇ ਦੱਸਿਆ ਕਿ ਉਨ੍ਹਾਂ ਨੂੰ ਰਿਕਾਰਡ ਤੋੜ ਹੀਟ ਵੇਵ ਦੌਰਾਨ ਇਸ ਤਰ੍ਹਾਂ ਦੀਆਂ 25 ਕਾਲਜ਼ ਆ ਚੁੱਕੀਆਂ ਹਨ। ਆਰਸੀਐਮਪੀ ਵੱਲੋਂ ਮੰਗਲਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਕਿ ਇਨ੍ਹਾਂ ਵਿੱਚੋਂ ਬਹੁਤੀਆਂ ਮੌਤਾਂ ਲਈ ਤੇਜ਼ ਗਰਮੀ ਹੀ ਸੱਭ ਤੋਂ ਵੱਡਾ ਕਾਰਨ ਹੈ। ਮਰਨ ਵਾਲਿਆਂ ਵਿੱਚ ਬਹੁਤੀ ਗਿਣਤੀ ਬਜ਼ੁਰਗਾਂ ਦੀ ਹੈ। ਪੁਲਿਸ ਵਾਲਿਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਭਖਵੀਂ ਗਰਮੀ ਦੌਰਾਨ ਆਪਣੇ ਰਿਸ਼ਤੇਦਾਰਾਂ ਤੇ ਗੁਆਂਢੀਆਂ ਦਾ ਧਿਆਨ ਰੱਖਣ।

ਕਾਰਪੋਰਲ ਮਾਈਕ ਕਾਲੇਜ ਨੇ ਇੱਕ ਬਿਆਨ ਵਿੱਚ ਆਖਿਆ ਕਿ ਇਹ ਗਰਮ ਮੌਸਮ ਸਾਡੀ ਕਮਿਊਨਿਟੀ ਦੇ ਕਮਜ਼ੋਰ, ਬਜ਼ੁਰਗ ਤੇ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਮੈਂਬਰਾਂ ਲਈ ਘਾਤਕ ਸਿੱਧ ਹੋ ਰਿਹਾ ਹੈ। ਇਸ ਗਰਮੀ ਦੀ ਲਹਿਰ ਦੌਰਾਨ ਸਾਨੂੰ ਇੱਕ ਦੂਜੇ ਦਾ ਧਿਆਨ ਰੱਖਣਾ ਚਾਹੀਦਾ ਹੈ। ਬਾਅਦ ਵਿੱਚ ਕੀਤੀ ਗਈ ਅਪਡੇਟ ਵਿੱਚ ਮਾਊਂਟੀਜ਼ ਨੇ ਆਖਿਆ ਕਿ ਇੱਕ ਦਿਨ ਪਹਿਲਾਂ 15 ਲੋਕਾਂ ਦੇ ਗਰਮੀ ਕਾਰਨ ਮਾਰੇ ਜਾਣ ਦੀ ਰਿਪੋਰਟ ਹੋਈ ਤੇ ਮੰਗਲਵਾਰ ਤੱਕ ਇਹ ਅੰਕੜਾ 19 ਤੱਕ ਪਹੁੰਚ ਗਿਆ। ਤਾਜ਼ਾ ਅੰਕੜਿਆਂ ਅਨੁਸਾਰ ਦੋ ਦਿਨਾਂ ਵਿੱਚ ਸਿਟੀ ਵਿੱਚ 34 ਮੌਤਾਂ ਹੋ ਚੁੱਕੀਆਂ ਹਨ।

ਇਸੇ ਤਰ੍ਹਾਂ ਸਰ੍ਹੀ ਆਰਸੀਐਮਪੀ ਨੇ ਦੱਸਿਆ ਕਿ ਗਰਮੀ ਦੀ ਇਸ ਲਹਿਰ ਕਾਰਨ ਸਿਟੀ ਵਿੱਚ ਅਚਾਨਕ ਹੋਣ ਵਾਲੀਆਂ ਮੌਤਾਂ ਦਾ ਅੰਕੜਾ ਕਾਫੀ ਵੱਧ ਗਿਆ ਹੈ। ਮਾਊਂਟੀਜ਼ ਨੇ ਦੱਸਿਆ ਕਿ ਮੰਗਲਵਾਰ ਦੁਪਹਿਰ ਤੱਕ 13 ਮੌਤਾਂ ਦੀ ਖਬਰ ਉਨ੍ਹਾਂ ਨੂੰ ਮਿਲ ਚੁੱਕੀ ਹੈ ਤੇ ਇਸ ਤੋਂ ਪਹਿਲਾਂ ਸੋਮਵਾਰ ਨੂੰ ਗਰਮੀ ਕਾਰਨ 22 ਮੌਤਾਂ ਹੋ ਚੁੱਕੀਆਂ ਹਨ।

# ਸਟੰਟ ਡਰਾਈਵਿੰਗ ਕਰਨ ਵਾਲੇ ਸੱਤਰ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ, 61 ਕਾਰਾਂ ਜ਼ਬਤ



ਓਨਟਾਰੀਓ, 29 ਜੂਨ (ਪੋਸਟ ਬਿਊਰੋ) : ਸੰਗਠਿਤ ਤੌਰ ਉੱਤੇ ਸਟੰਟ ਡਰਾਈਵਿੰਗ ਕਰਨ ਵਾਲਿਆਂ ਉੱਤੇ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਤੋਂ ਬਾਅਦ 70 ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ ਤੇ 60 ਤੋਂ ਵੀ ਜ਼ਿਆਦਾ ਗੱਡੀਆਂ ਜ਼ਬਤ ਕੀਤੀਆਂ ਗਈਆਂ ਹਨ।

ਯੌਰਕ ਰੀਜਨਲ ਪੁਲਿਸ ਨੇ ਮੰਗਲਵਾਰ ਨੂੰ ਆਖਿਆ ਕਿ ਪਹਿਲੀ ਮਈ ਤੇ 24 ਜੂਨ ਦਰਮਿਆਨ ਕਈ ਪੁਲਿਸ ਸਰਵਿਸਿਜ਼ ਵੱਲੋਂ ਕਈ ਲਾਂਘਿਆਂ ਤੇ ਪਾਰਕਿੰਗ ਲੌਟਸ ਉੱਤੇ ਲੋਕਾਂ ਦੇ ਹੋਣ ਵਾਲੇ ਇੱਕਠ ਦੀਆਂ ਮਿਲੀਆਂ ਰਿਪੋਰਟਾਂ ਦੀ ਜਾਂਚ ਸ਼ੁਰੂ ਕੀਤੀ ਗਈ। ਪੁਲਿਸ ਨੂੰ ਇਹ ਵੀ ਪਤਾ ਲੱਗਿਆ ਕਿ ਇਸ ਲੋਕ ਗੈਰਕਾਨੂੰਨੀ ਤੌਰ ਉੱਤੇ ਕਾਰ ਰੈਲੀਆਂ ਕਰਵਾਉਂਦੇ ਹਨ ਤੇ ਕਈ ਵਾਰੀ ਰਸਤੇ ਵੀ ਜਾਮ ਕਰ ਦਿੰਦੇ ਹਨ।

ਬੀਤੇ ਦਿਨੀਂ ਵੀ ਇਸ ਤਰ੍ਹਾਂ ਦੀਆਂ ਕਈ ਕਾਰ ਰੈਲੀਆਂ ਦੀਆਂ ਰਿਪੋਰਟਾਂ ਸਾਹਮਣੇ ਆਈਆਂ। ਅਪਰੈਲ ਵਿੱਚ ਨੌਰਥ ਯੌਰਕ ਵਿੱਚ ਇਸੇ ਤਰ੍ਹਾਂ ਦਾ ਇੱਕਠ ਕਾਫੀ ਚਰਚਾ ਵਿੱਚ ਰਿਹਾ ਸੀ ਜਿੱਥੇ ਸੜਕ ਉੱਤੇ ਫਿਊਲ ਪਾ ਕੇ ਉਸ ਨੂੰ ਅੱਗ ਲਾ ਦਿੱਤੀ ਗਈ ਸੀ। ਪੀਲ ਰੀਜਨਲ ਪੁਲਿਸ ਚੀਫ ਨਿਸ਼ਾਨ ਦੁਰਈਅੱਪਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਹ ਜਾਂਚ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਨਹੀਂ ਹੈ ਜਿਹੜੇ ਸਿਰਫ ਕਾਰਾਂ ਦੀ ਰੇਸ ਤੇ ਕਾਰ ਕਲਚਰ ਦਾ ਆਨੰਦ ਮਾਣਦੇ ਹਨ ਸਗੋਂ ਅਜਿਹੇ ਲੋਕਾਂ ਨੂੰ ਫੜ੍ਹ ਰਹੇ ਹਾਂ ਜਿਹੜੇ ਹਾਈ ਰਿਸਕ ਡਰਾਈਵਿੰਗ ਵਿੱਚ ਸ਼ਾਮਲ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਜਾਂਚਕਾਰਾਂ ਨੇ ਆਖਿਆ ਕਿ ਉਨ੍ਹਾਂ ਅਜਿਹੇ ਡਰਾਈਵਰਾਂ ਦੀ ਨਿਗਰਾਨੀ ਲਈ ਹੈਲੀਕਾਪਟਰਜ਼ ਦੀ ਵੀ ਮਦਦ ਲਈ। ਯੌਰਕ ਰੀਜਨਲ ਪੁਲਿਸ ਨੇ ਆਖਿਆ ਕਿ ਇਹ ਸਾਰਾ ਪ੍ਰੋਜੈਕਟ ਖੁਫੀਆ ਏਜੰਸੀਆ ਦੀ ਅਗਵਾਈ ਨਾਲ ਸਿਰੇ ਚੜ੍ਹਾਇਆ ਗਿਆ। ਇਹ ਜਾਂਚ ਅਜਿਹੇ ਗਰੁੱਪਸ ਨੂੰ ਖਤਮ ਕਰਨ ਲਈ ਕੀਤੀ ਗਈ ਜਿਹੜੇ ਜੀਟੀਏ ਵਿੱਚ ਖਤਰਨਾਕ ਗਤੀਵਿਧੀਆਂ ਨੂੰ ਅੰਜਾਮ ਦੇ ਕੇ ਆਪਣੀ ਤੇ ਹੋਰਨਾਂ ਦੀ ਜਾਨ ਖਤਰੇ ਵਿੱਚ ਪਾਉਂਦੇ ਹਨ। ਕਈ ਥਾਂਵਾਂ ਉੱਤੇ ਤਾਂ ਜਾਂਚਕਾਰਾਂ ਨੇ ਡਰੋਨਜ਼ ਦੀ ਵਰਤੋਂ ਵੀ ਕੀਤੀ। ਇਸ ਪ੍ਰੋਜੈਕਟ ਨੂੰ ਟੇਕਓਵਰ ਦਾ ਨਾਂ ਦਿੱਤਾ ਗਿਆ। 70 ਲੋਕਾਂ ਨੂੰ ਕ੍ਰਿਮੀਨਲ ਤੇ ਪ੍ਰੋਵਿੰਸ਼ੀਅਲ ਜੁਰਮਾਂ ਲਈ ਕਾਬੂ ਕੀਤਾ ਗਿਆ ਤੇ 61 ਕਾਰਾਂ ਜ਼ਬਤ ਕੀਤੀਆਂ ਗਈਆਂ ਤੇ 57 ਡਰਾਈਵਰਾਂ ਦੇ ਲਾਇਸੰਸ ਸਸਪੈਂਡ ਕਰ ਦਿੱਤੇ ਗਏ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

# 2021-22 ਸਕੂਲ ਵਰ੍ਹੇ ਵਿੱਚ ਇਨ-ਪਰਸਨ ਲਰਨਿੰਗ ਲਈ ਦ੍ਰਿੜ ਹਾਂ : ਲਿਚੇ



ਓਨਟਾਰੀਓ, 29 ਜੂਨ (ਪੋਸਟ ਬਿਊਰੋ) : ਇੱਕ ਸਕੂਲ ਯੀਅਰ ਦੌਰਾਨ ਇਹ ਸਕੂਲ ਦਾ ਆਖਰੀ ਦਿਨ ਹੈ ਜੋ ਕੋਈ ਵੀ ਮਾਪੇ, ਵਿਦਿਆਰਥੀ ਤੇ ਅਧਿਆਪਕ ਨਹੀਂ ਚਾਹੁੰਦੇ ਕਿ ਇਹ ਦੁਹਰਾਇਆ ਜਾਵੇ।

ਅਜੇ ਵੀ ਸਤੰਬਰ ਲਈ ਕੋਈ ਸਰਕਾਰੀ ਯੋਜਨਾ ਨਹੀਂ ਹੈ ਪਰ ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਮੰਗਲਵਾਰ ਨੂੰ ਇਹ ਪੁਸ਼ਟੀ ਕੀਤੀ ਗਈ ਹੈ ਕਿ ਉਹ ਇਨ-ਪਰਸਨ ਲਰਨਿੰਗ ਲਈ ਵਚਨਬੱਧ ਹਨ। ਲਿਚੇ ਨੇ ਆਖਿਆ ਕਿ ਸਾਡੀ ਸਰਕਾਰ ਸਾਰੇ ਬੱਚਿਆਂ ਨੂੰ ਮੁੜ ਕਲਾਸਾਂ ਵਿੱਚ ਲਿਆਉਣ ਲਈ ਵਚਨਬੱਧ ਹੈ। ਅਸੀਂ ਚਾਹੁੰਦੇ ਹਾਂ ਕਿ ਸਤੰਬਰ ਤੋਂ ਬੱਚਿਆਂ ਦੀ ਪੜ੍ਹਾਈ ਉਨ੍ਹਾਂ ਦੀਆਂ ਕਲਾਸਾਂ ਵਿੱਚ ਸ਼ੁਰੂ ਹੋਵੇ।

ਦੂਜੇ ਪਾਸੇ ਆਲੋਚਕਾਂ ਦਾ ਕਹਿਣਾ ਹੈ ਕਿ ਹੁਣ ਤੱਕ ਬੈਕ ਟੂ ਸਕੂਲ ਪਲੈਨ ਦਾ ਭੋਗ ਪੈ ਜਾਣਾ ਚਾਹੀਦਾ ਸੀ ਪਰ ਲਿਚੇ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਨੂੰ ਜਾਰੀ ਕੀਤਾ ਜਾਵੇਗਾ।

...ਬਾਕੀ ਪੰਨਾ 5 'ਤੇ

# ਭਾਰੀ ਮੀਂਹ ਕਾਰਨ ਜੀਟੀਏ ਦੀਆਂ ਸੜਕਾਂ 'ਤੇ ਪਾਣੀ ਭਰਿਆ

## ਹੀਟ ਤੇ ਮੀਂਹ ਸਬੰਧੀ ਵਾਰਨਿੰਗ ਜਾਰੀ



ਟੋਰਾਂਟੋ, 29 ਜੂਨ (ਪੋਸਟ ਬਿਊਰੋ) : ਮੰਗਲਵਾਰ ਨੂੰ ਜੀਟੀਏ ਦੇ ਕਈ ਹਿੱਸਿਆਂ ਵਿੱਚ ਐਨਵਾਇਰਮੈਂਟ ਕੈਨੇਡਾ ਵੱਲੋਂ ਹੀਟ, ਮੀਂਹ ਤੇ ਹਨ੍ਹੇਰੀ ਤੂਫਾਨ ਦੀ ਚੇਤਾਵਨੀ ਜਾਰੀ ਕੀਤੀ ਗਈ। ਇਸ ਦੌਰਾਨ ਭਾਰੀ ਮੀਂਹ ਕਾਰਨ ਜੀਟੀਏ ਦੇ ਕਈ ਹਿੱਸਿਆਂ ਵਿੱਚ ਪਾਣੀ ਵੀ ਭਰ ਗਿਆ।

ਭਾਵੇਂ ਸ਼ਾਮੀਂ 7:00 ਵਜੇ ਹਨ੍ਹੇਰੀ ਤੂਫਾਨ ਦੀ ਚੇਤਾਵਨੀ ਖ਼ਤਮ ਕਰ ਦਿੱਤੀ ਗਈ ਪਰ ਫਿਰ ਵੀ ਪੂਰੇ ਜੀਟੀਏ ਵਿੱਚ ਅਹਿਤਿਆਤ ਵਰਤਣ ਲਈ ਆਖਿਆ ਗਿਆ। ਭਾਰੀ ਮੀਂਹ ਪੈਣ ਦੀ ਚੇਤਾਵਨੀ ਵੀ ਜਾਰੀ ਕੀਤੀ ਗਈ ਤੇ ਘੱਟ ਸਮੇਂ ਵਿੱਚ ਜ਼ਿਆਦਾ ਮੀਂਹ ਪੈਣ ਦੀ ਸੰਭਾਵਨਾ ਵੀ ਪ੍ਰਗਟਾਈ ਗਈ। ਇਸ ਤੋਂ ਇਲਾਵਾ ਟੋਰਾਂਟੋ, ਹੈਮਿਲਟਨ, ਯੌਰਕ-ਦਰਹਾਮ, ਹਾਲਟਨ-ਪੀਲ ਤੇ ਨਾਇਗਰਾ ਇਲਾਕਿਆਂ ਲਈ ਹੀਟ ਵਧਣ ਸਬੰਧੀ ਵਾਰਨਿੰਗ ਦਿੱਤੀ ਗਈ। ਇਨ੍ਹਾਂ ਇਲਾਕਿਆਂ ਵਿੱਚ ਤਾਪਮਾਨ 31 ਡਿਗਰੀ ਸੈਲਸੀਅਸ ਤੱਕ ਵਧਣ ਦੀ ਸੰਭਾਵਨਾ ਪ੍ਰਗਟਾਈ ਗਈ। ਰਾਤ ਸਮੇਂ ਤਾਪਮਾਨ 21 ਡਿਗਰੀ ਸੈਲਸੀਅਸ ਦੇ ਨੇੜੇ ਤੇੜੇ ਰਹਿਣ ਦੀ ਸੰਭਾਵਨਾ ਪ੍ਰਗਟਾਈ ਗਈ।

ਹਨ੍ਹੇਰੀ ਤੂਫਾਨ ਤੇ ਮੀਂਹ ਪੈਣ ਕਾਰਨ ਕਈ ਰੂਟਸ ਉੱਤੇ ਪਾਣੀ ਭਰ ਗਿਆ, ਮਿਸੀਸਾਗਾ ਵਿੱਚ ਹੋਏ ਇੱਕ ਹਾਦਸੇ ਕਾਰਨ ਹਾਈਵੇਅ 401 ਦੀਆਂ ਪੂਰਬ ਵਾਲੀਆਂ ਲੇਨਜ਼ ਤੇ ਓਸ਼ਾਵਾ ਵਿੱਚ 401 ਦੀਆਂ ਪੂਰਬ ਵਾਲੀਆਂ ਲੇਨਜ਼ ਬੰਦ ਕਰਨੀਆਂ ਪਈਆਂ। ਨੀਵੇਂ ਇਲਾਕਿਆਂ ਜਿਵੇਂ ਕਿ ਡੀਵੀਪੀ ਤੇ ਡੰਡਸ ਦੇ ਨਾਲ ਨਾਲ ਲੇਕ ਸ਼ੋਰ ਵਿੱਚ ਵੀ ਪਾਣੀ ਭਰਨ ਦੀ ਸੰਭਾਵਨਾ ਪ੍ਰਗਟਾਈ ਗਈ। ਟੋਰਾਂਟੋ ਐਂਡ ਰੀਜਨ ਕੰਜ਼ਰਵੇਸ਼ਨ ਅਥਾਰਟੀ (ਟੀ ਆਰ ਸੀ ਏ) ਨੇ ਵੀ ਕਈ ਇਲਾਕਿਆਂ ਵਿੱਚ ਪਾਣੀ ਭਰਨ ਦੀ ਚੇਤਾਵਨੀ ਜਾਰੀ ਕੀਤੀ। ਟੀ ਆਰ ਸੀ ਏ ਨੇ ਆਖਿਆ ਕਿ ਭਾਰੀ ਮੀਂਹ ਪੈਣ ਕਾਰਨ ਜੀਟੀਏ ਵਿੱਚ ਸਾਰੀਆਂ ਨਹਿਰਾਂ ਉਫਾਨ ਉੱਤੇ ਹਨ ਤੇ ਪਾਣੀ ਦਾ ਪੱਧਰ ਕਾਫੀ ਵਧ ਜਾਣ ਕਾਰਨ ਕਈ ਇਲਾਕਿਆਂ ਵਿੱਚ ਦਿੱਕਤ ਹੋ ਸਕਦੀ ਹੈ।

ਟੀ ਆਰ ਸੀ ਏ ਨੇ ਇਹ ਵੀ ਆਖਿਆ ਕਿ ਗਰਮ ਤੇ ਚਿਪਚਿਪਾਹਟ ਵਾਲੇ ਮੌਸਮ ਕਾਰਨ ਕਈ ਖਤਰਨਾਕ ਹਾਲਾਤ ਪੈਦਾ ਹੋ ਸਕਦੇ ਹਨ ਤੇ ਏਅਰ ਕੁਆਲਿਟੀ ਵੀ ਕਾਫੀ ਮਾੜੀ ਰਹਿਣ ਦੀ ਸੰਭਾਵਨਾ ਹੈ। ਐਨਵਾਇਰਮੈਂਟ ਕੈਨੇਡਾ ਨੇ ਆਖਿਆ ਕਿ ਨਿੱਕੇ ਬੱਚੇ, ਵੱਧ ਉਮਰ ਦੇ ਲੋਕ, ਗਰਭਵਤੀ ਔਰਤਾਂ ਤੇ ਜਿਨ੍ਹਾਂ ਨੂੰ ਕੋਈ ਪੁਰਾਣੀ ਬਿਮਾਰੀ ਹੈ, ਉਨ੍ਹਾਂ ਤੋਂ ਇਲਾਵਾ ਬਾਹਰ ਕੰਮ ਕਰਨ ਵਾਲੇ ਤੇ ਐਕਸਰਸਾਈਜ਼ ਕਰਨ ਵਾਲੇ ਲੋਕਾਂ ਨੂੰ ਵਧੇਰੇ ਖਤਰਾਂ ਹੋ ਸਕਦਾ ਹੈ। ਗਰਮੀ ਕਾਰਨ ਹੀਟ ਸਟਰੋਕ ਵੀ ਹੋ ਸਕਦਾ ਹੈ। ਇਸ ਤੋਂ ਇਲਾਵਾ ਪਾਰਕ ਕੀਤੀਆਂ ਗੱਡੀਆਂ ਵਿੱਚ ਬੱਚਿਆਂ ਤੇ ਪਾਲਤੂ ਜਾਨਵਰਾਂ ਨੂੰ ਨਾ ਛੱਡਣ ਦੀ ਹਦਾਇਤ ਵੀ ਜਾਰੀ ਕੀਤੀ ਗਈ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX Insurance Brokers Inc. 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate
- Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

## ਸਡਬਰੀ ਨੇੜੇ ਬਲਦੀ ਹੋਈ ਕਾਰ ਵਿੱਚੋਂ ਮਿਲਿਆ ਇੱਕ ਵਿਅਕਤੀ ਦਾ ਪਿੰਜਰ

ਮਾਰਕਸਟੇਅ-ਵਾਰਨ, ਓਨਟਾਰੀਓ, 29 ਜੂਨ (ਪੋਸਟ ਬਿਊਰੋ) : ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਸਡਬਰੀ ਦੇ ਪੱਛਮ ਵਿੱਚ ਮਿਲੀ ਇੱਕ ਬਲਦੀ ਹੋਈ ਕਾਰ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਵਿੱਚੋਂ ਇੱਕ ਵਿਅਕਤੀ ਦਾ ਪਿੰਜਰ ਵੀ ਬਰਾਮਦ ਹੋਇਆ ਹੈ। ਐਤਵਾਰ ਦੁਪਹਿਰ ਨੂੰ ਹਾਈਵੇਅ 17 ਦੇ ਉੱਤਰ ਵੱਲ ਪੰਜ ਕਿਲੋਮੀਟਰ ਦੀ ਦੂਰੀ ਉੱਤੇ ਮਾਰਕਸਟੇਅ-ਵਾਰਨ ਵਿੱਚ ਕੁਕਾਗਾਮੀ ਲੇਕ ਰੋਡ ਉੱਤੇ ਬਲ ਰਹੀ ਇਸ ਗੱਡੀ ਬਾਰੇ ਜਾਣਕਾਰੀ ਦੇ ਕੇ ਅਧਿਕਾਰੀਆਂ ਤੇ ਸਟਿੰਸਨ ਫਾਇਰ ਡਿਪਾਰਟਮੈਂਟ ਦੇ ਮੈਂਬਰਾਂ ਨੂੰ ਸੱਦਿਆ ਗਿਆ।ਗੱਡੀ ਦੇ ਅੰਦਰ ਮ੍ਰਿਤਕ ਪਾਏ ਗਏ ਵਿਅਕਤੀ ਦੀ ਪਛਾਣ ਨਹੀਂ ਹੋ ਸਕੀ ਹੈ। ਮਾਮਲੇ ਦੀ ਜਾਂਚ ਓਨਟਾਰੀਓ ਫਾਇਰ ਮਾਰਸ਼ਲ ਤੇ ਆਫਿਸ ਆਫ ਦ ਚੀਫ ਕੌਰੋਨਰ ਦੇ ਨਾਲ ਨਾਲ ਓਨਟਾਰੀਓ ਫੋਰੈਂਸਿਕ ਪੈਥੌਲੋਜੀ ਸਰਵਿਸ ਵੱਲੋਂ ਓਪੀਪੀ ਦੀ ਸਪੈਸ਼ਿਐਲਿਟੀ ਯੂਨਿਟ ਵੱਲੋਂ ਕੀਤੀ ਜਾ ਰਹੀ ਹੈ।ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਕੇ ਉੱਤੇ ਕਾਫੀ ਵੱਡੀ ਗਿਣਤੀ ਵਿੱਚ ਪੁਲਿਸ ਮੌਜੂਦ ਸੀ।

## ਟੋਰਾਂਟੋ ਦੀ ਡੰਡਸ ਸਟਰੀਟ ਦਾ ਨਾਂ ਬਦਲਣ ਦੀ ਸਿਟੀ ਸਟਾਫ ਨੇ ਕੀਤੀ ਸਿਫਾਰਿਸ਼, ਟੋਰੀ ਨੇ ਵੀ ਕੀਤੀ ਹਮਾਇਤ

ਟੋਰਾਂਟੋ, 29 ਜੂਨ (ਪੋਸਟ ਬਿਊਰੋ) : ਹਾਸ਼ੀਏ ਉੱਤੇ ਰਹਿਣ ਵਾਲੀਆਂ ਕਮਿਊਨਿਟੀਜ਼ ਨਾਲ ਸੁਲ੍ਹਾ ਕਰਨ ਤੇ ਉਨ੍ਹਾਂ ਦੀ ਸਮਾਜ ਵਿੱਚ ਸ਼ਮੂਲੀਅਤ ਦਾ ਉਨ੍ਹਾਂ ਨੂੰ ਅਹਿਸਾਸ ਕਰਵਾਉਣ ਲਈ ਸਿਟੀ ਸਟਾਫ ਵੱਲੋਂ ਟੋਰਾਂਟੋ ਦੀ ਡੰਡਸ ਸਟਰੀਟ ਤੇ ਹੋਰਨਾਂ ਅਹਿਮ ਸਥਾਨਾਂ ਦੇ ਨਾਂ ਬਦਲਣ ਦੀ ਸਿਫਾਰਿਸ਼ ਕੀਤੀ ਗਈ ਹੈ।




14000 ਤੋਂ ਵੀ ਵੱਧ ਲੋਕਾਂ ਵੱਲੋਂ ਪਿਛਲੇ ਸਾਲ ਇੱਕ ਪਟੀਸ਼ਨ ਸਾਈਨ ਕਰਕੇ 18ਵੀਂ ਸਦੀ ਦੇ ਸਿਆਸਤਦਾਨ ਹੈਨਰੀ ਡੰਡਸ ਦੇ ਨਾਂ ਉੱਤੇ ਰੱਖੇ ਗਏ ਸਟਰੀਟ ਦੇ ਨਾਂ ਨੂੰ ਬਦਲਣ ਦੀ ਮੰਗ ਕੀਤੀ ਸੀ। ਹੈਨਰੀ ਡੰਡਸ ਹੀ ਉਹ ਸਿਆਸਤਦਾਨ ਸੀ ਜਿਸ ਨੇ ਬ੍ਰਿਟਿਸ਼ ਰਾਜ ਦੌਰਾਨ ਗੁਲਾਮ ਪ੍ਰਥਾ ਨੂੰ ਖ਼ਤਮ ਕਰਨ ਵਿੱਚ ਦੇਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਸਟਾਫ ਚਾਹੁੰਦਾ ਹੈ ਕਿ ਸਟਰੀਟ ਦੇ ਮੁੜ ਨਾਮਕਰਣ ਲਈ ਬਲੈਕ ਤੇ ਮੂਲਵਾਸੀ ਗਰੁੱਪਜ਼ ਦੇ ਨਾਲ ਨਾਲ ਕਾਰੋਬਾਰੀ ਅਦਾਰਿਆਂ ਤੋਂ ਕਿਸੇ ਨਾਂ ਦੇ ਸੁਝਾਅ ਮੰਗੇ ਜਾਣ।

ਡੰਡਸ ਨਾਂ ਤੋਂ ਖਹਿੜਾ ਛੁਡਾਉਣ ਲਈ ਟੋਰਾਂਟੋ ਨੂੰ 5.1 ਮਿਲੀਅਨ ਡਾਲਰ ਤੋਂ 6.3 ਮਿਲੀਅਨ ਡਾਲਰ ਖਰਚਣੇ ਪੈ ਸਕਦੇ ਹਨ। ਰਿਪੋਰਟ ਵਿੱਚ ਆਖਿਆ ਗਿਆ ਕਿ ਸਟਰੀਟ ਦੇ ਨਾਲ ਨਾਲ ਯੰਗ-ਡੰਗਸ ਸਕੁਏਅਰ, ਦੋ ਸਬਵੇਅ ਸਟੇਸ਼ਨਜ਼ ਤੇ ਹੋਰ ਸਾਈਨੇਜ ਦੇ ਨਾਂ ਵੀ ਬਦਲੇ ਜਾਣਗੇ, ਇਸੇ ਲਈ ਐਨਾ ਖਰਚਾ ਕਰਨਾ ਹੋਵੇਗਾ। ਇਸ ਦੌਰਾਨ ਮੇਅਰ ਜੌਹਨ ਟੋਰੀ ਨੇ ਆਖਿਆ ਕਿ ਹੁਣ ਤਬਦੀਲੀ ਕਰਨ ਦਾ ਸਮਾਂ ਆ ਗਿਆ ਹੈ।

SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6






Emergency Contact:
416.910.5676
www.shergilllawfirm.ca

ukttc
UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

➡ Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:

| 4 units 3 bedroom | 2 units 1 bedroom | 1 unit bachelor |
|---|---|---|








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



# ਅੱਜ ਨਾਮਾ

ਬਦਲਦੇ ਰਾਜ ਤੇ ਆਗੂ ਵੀ ਬਦਲ ਜਾਂਦੇ,
ਮਸਲਾ ਬਹਿਸ ਦਾ ਅਜੇ ਕਸ਼ਮੀਰ ਬੇਲੀ।
ਚਲਦੇ ਬੰਬ ਰਹਿੰਦੇ, ਚੱਲਦੀ ਨਿੱਤ ਗੋਲੀ,
ਆ ਰਹੀ ਲਾਸ਼ਾਂ ਦੀ ਰੋਜ਼ ਤਸਵੀਰ ਬੇਲੀ।
ਚੰਦਰਾ ਜਿਹੜਾ ਗਵਾਂਢ ਹੈ ਨਾਲ ਲੱਗਦਾ,
ਉਹਦਾ ਜਾਵੇ ਨਹੀਂ ਅੱਖ ਦਾ ਟੀਰ ਬੇਲੀ।
ਘੱਲਦਾ ਰਹਿੰਦਾਉਹਨਿੱਤ ਮੁੰਡ੍ਹੀਰ ਬੇਲੀ,
ਲੜਨਾ ਭਾਰਤ ਦੀ ਮਾੜੀ ਤਕਦੀਰ ਬੇਲੀ।
ਖਾਖੜ-ਖਈਆ ਨਾ ਲੱਗਦਾ ਕਿਸੇ ਪਾਸੇ,
ਗੋਲੀ ਨਿੱਤ ਪਈ ਚੱਲੀ-ਚਲਾਈ ਜਾਂਦੀ।
ਭਾਰੂ ਨੀਤੀ ’ਤੇ ਹੋਈ ਜਦ ਬਦ-ਨੀਤੀ,
ਇਸ ਦੇ ਕੋਲੋਂ ਨਾਬਾਂਹ ਛੁਡਾਈ ਜਾਂਦੀ।

**ਤੀਸ ਮਾਰ ਖਾਂ**

# ਕੇਜਰੀਵਾਲ ਵੱਲੋਂ ਸਰਕਾਰ ਬਣਾਉਣ ਵਾਸਤੇ ਪੰਜਾਬੀਆਂ ਨਾਲ ਬਿਜਲੀ ਸੈਕਟਰ ਦੇ 3 ਵਾਅਦੇ

*** 300 ਯੂਨਿਟ ਮੁਫ਼ਤ ਹੋਣਗੇ, ਪੁਰਾਣੇ ਬਿੱਲ ਮਾਫ ਤੇ 24 ਘੰਟੇ ਬਿਜਲੀ**

ਚੰਡੀਗੜ੍ਹ, 29 ਜੂਨ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਰਾਜ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਮੰਗਲਵਾਰ ਨੂੰ ਚੰਡੀਗੜ੍ਹ ਵਿੱਚ ਪ੍ਰੈੱਸ ਕਾਨਫਰੰਸ ਕਰ ਕੇ ਪੰਜਾਬ ਵਿੱਚ ਆਪਣੀ ਪਾਰਟੀ ਦੀ ਸਰਕਾਰ ਬਣਨ ਉੱਤੇ ਬਿਜਲੀ ਸੈਕਟਰ ਲਈ ਤਿੰਨ ਵਾਅਦੇ ਕਰ ਦਿੱਤੇ ਹਨ। ਇਸ ਮੌਕੇ ਉਨ੍ਹਾਂ ਨਾਲ ਇਸਪਾਰਟੀ ਦੇ ਕੇਂਦਰ ਵੱਲੋਂ ਕੋ-ਇੰਚਾਰਜ ਰਾਘਵ ਚੱਢਾ, ਪੰਜਾਬ ਦੇ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ, ਸਾਬਕਾ ਪੁਲਸ ਅਫਸਰ ਕੁੰਵਰ ਵਿਜੈ ਪ੍ਰਤਾਪ ਸਿੰਘ ਤੇ ਪੰਜਾਬ ਅਸੈਂਬਲੀ ਵਿੱਚ ਆਪੋਜ਼ੀਸ਼ਨ ਆਗੂ ਹਰਪਾਲ ਸਿੰਘ ਚੀਮਾ ਮੌਜੂਦ ਹਨ।

ਭਗਵੰਤ ਮਾਨ ਨੇ ਪ੍ਰੈੱਸ ਕਾਨਫਰੰਸ ਸ਼ੁਰੂ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਬਿਜਲੀ ਦਾ ਮੁੱਦਾ ਸਭ ਤੋਂ ਅਹਿਮ ਹੈ।ਇਸ ਰਾਜ ਦੀ ਸਰਕਾਰ ਨੂੰ ਕਈ ਵਾਰ ਬਿਜਲੀ ਸਸਤੀ ਕਰਨ ਨੂੰ ਕਿਹਾ ਸੀ, ਪਰ ਕੁਝ ਨਹੀਂ ਹੋ ਸਕਿਆ। ਇਸ ਦਾ ਹੱਲ ਸਿਰਫ਼ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਕੋਲ ਹੈ, ਜਿਨ੍ਹਾ ਨੇਦਿੱਲੀ ਵਿੱਚ ਸਸਤੀ ਬਿਜਲੀ ਦੇ ਕੇ ਆਪਣੇ ਵਾਅਦਿਆਂ ਦਾ ਸੱਚ ਸਾਬਤ ਕੀਤਾ ਅਤੇ ਦਿੱਲੀ ਦੇ ਲੋਕ ਇਸ ਨੂੰ ਮੰਨਦੇ ਹਨ।



ਇਸ ਪਿੱਛੋਂਅਰਵਿੰਦ ਕੇਜਰੀਵਾਲ ਨੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਸਭ ਤੋਂ ਪਹਿਲਾਂ ਬਿਜਲੀ ਮੁੱਦਾ ਚੁੱਕ ਕੇ ਕਿਹਾ ਕਿ ਦੇਸ਼ ਵਿਚ ਸਭ ਤੋਂ ਵੱਧ ਮਹਿੰਗੀ ਬਿਜਲੀ ਪੰਜਾਬ ਵਿੱਚ ਹੈ, ਜਦਕਿ ਪੰਜਾਬ ਖ਼ੁਦ ਬਿਜਲੀ ਬਣਾਉਂਦਾ ਹੈ, ਪਰਦਿੱਲੀਸਾਰੀ ਬਿਜਲੀ ਦੂਸਰਿਆਂ ਤੋਂ ਖਰੀਦ ਕੇ ਵੀ ਮੁਫ਼ਤ ਤੇ ਸਸਤੀ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਬਿਜਲੀ ਕੰਪਨੀਆਂ ਦੀ ਗੰਢਤੁੱਪਖ਼ਤਮ ਹੋ ਜਾਵੇ ਤਾਂ ਦਿੱਲੀ ਵਾਂਗ ਏਥੇ ਵੀ ਬਿਜਲੀ ਸਸਤੀ ਹੋਵੇਗੀ, ਜਿਸ ਦੇ ਨਾਲ ਸਭ ਤੋਂ ਵੱਧ ਰਾਹਤ ਔਰਤਾਂ ਨੂੰ ਵੀ ਮਿਲੇਗੀ, ਕਿਉਂਕਿ ਉਨ੍ਹਾਂ ਦਾ ਬਜਟ ਠੀਕ ਹੋਵੇਗਾ। ਇਸ ਮੌਕੇ ਉਨ੍ਹਾਂ ਨੇ ਤਿੰਨ ਐਲਾਨ ਕੀਤੇ, ਜਿਨ੍ਹਾਂ ਵਿੱਚੋਂ ਪਹਿਲਾ ਸੀ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ ਤਾਂ ਸਭ ਨੂੰ 300 ਯੂਨਿਟ ਤਕ ਬਿਜਲੀ ਮੁਫ਼ਤ ਦੇਵੇਗੀ, ਜਿਸ ਨਾਲ 80 ਫ਼ੀਸਦ ਲੋਕਾਂ ਦਾ ਬਿੱਲ ਜ਼ੀਰੋ ਹੋਵੇਗਾ, ਪਰ ਜੇਯੂਨਿਟ 301 ਹੋ ਗਏ ਤਾਂ ਸਾਰੇ ਯੂਨਿਟਾਂ ਦੇ ਪੈਸੇ ਦੇਣੇ ਪੈਣਗੇ। ਦੂਸਰੇ ਐਲਾਨ ਮੁਤਾਬਕ ਘਰੇਲੂ ਬਿਜਲੀ ਦੇ ਸਾਰੇ ਬਿੱਲ ਮਾਫ ਕੀਤੇ ਜਾਣਗੇ ਅਤੇ ਕੱਟੇ ਹੋਏ ਸਾਰੇ ਕੁਨੈਕਸ਼ਨ ਬਹਾਲ ਕੀਤੇ ਜਾਣਗੇ। ਤੀਸਰੇ ਐਲਾਨ ਵਿੱਚ ਉਨ੍ਹਾਂ ਨੇ ਕਿਹਾ ਕਿ ਦਿੱਲੀ ਵਾਂਗਏਥੇ 24 ਘੰਟੇ ਬਿਜਲੀ ਮਿਲੇਗੀ,ਬਿੱਲ ਨਹੀਂ ਆਵੇਗਾ, ਪਰ 24 ਘੰਟੇ ਬਿਜਲੀਦੇਣਵਿੱਚਕੁਝ ਸਮਾਂ ਜ਼ਰੂਰ ਲੱਗੇਗਾ।ਦਿੱਲੀ ਵਿੱਚਏਦਾਂ ਕਰਨ ਵਿੱਚ ਢਾਈ ਸਾਲ ਲੱਗੇ ਸਨ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਬਿਜਲੀ ਦੀ ਕਮੀ ਨਹੀਂ,ਏਥੇ 3 ਕਰੋੜ ਅਤੇ ਸਾਲਾਨਾ ਬਜਟ 1 ਲੱਖ 80 ਹਜ਼ਾਰ ਕਰੋੜ ਰੁਪਏ ਹੈ, ਕੀ ਸਰਕਾਰ 60 ਹਜ਼ਾਰ ਰੁਪਏ ਹਰ ਪੰਜਾਬੀ ਉੱਤੇ ਖ਼ਰਚ ਨਹੀਂ ਕਰ ਸਕਦੀ?

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਭਾਰਤ ਸਰਕਾਰ ਦੇ ਤਿੰਨ ਖੇਤੀ ਬਿੱਲਾਂ ਦੇ ਖ਼ਿਲਾਫ ਸੰਘਰਸ਼ ਕਰਦੇ ਕਿਸਾਨਾਂ ਦੀਆਂ ਮੰਗਾਂ ਜਾਇਜ਼ ਹਨ ਤੇ ਕੇਂਦਰ ਸਰਕਾਰ ਨੂੰ ਇਹ ਮੰਗਾਂ ਮੰਨਣੀਆਂ ਚਾਹੀਦੀਆਂ ਹਨ।ਬਰਗਾੜੀ ਦੇ ਬੇਅਦਬੀ ਕਾਂਡ ਦੇ ਨਾਲ ਕੋਟਕਪੂਰਾ ਤੇ ਬਹਿਬਲ ਕਲਾਂ ਦੇ ਗੋਲੀ ਕਾਂਡ ਬਾਰੇ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੋਸ਼ੀਆਂ ਨੂੰ ਬਚਾ ਰਹੀ ਹੈਤੇ ਅਕਾਲੀਆਂ ਤੇ ਕਾਂਗਰਸੀਆਂ ਦੀ ਮਿਲੀਭੁਗਤ ਕਾਰਨ ਬੇਅਦਬੀ ਦੇ ਦੋਸ਼ੀਆਂ ਨੂੰ ਅਜੇ ਤਕ ਸਜ਼ਾ ਨਹੀਂ ਮਿਲ ਸਕੀ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਤਾਂ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇਗੀ।

# ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ, ਦੂਜੇ ਦੀ ਭਾਲ ਕਰ ਰਹੀ ਹੈ ਪੁਲਿਸ

ਓਨਟਾਰੀਓ, 29 ਜੂਨ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਸਿਟੀ ਦੇ ਪੱਛਮ ਵਿੱਚ ਚਾਕੂ ਨਾਲ ਵਾਰ ਕੀਤੇ ਜਾਣ ਕਾਰਨ ਇੱਕ 60 ਸਾਲਾ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਕੀਲ ਦੇ ਪੂਰਬ ਵਿੱਚ ਐਗਲਿੰਟਨ ਐਵਨਿਊ ਵੈਸਟ ਤੇ ਰਿਚਰਡਸਨ ਐਵਨਿਊ ਇਲਾਕੇ ਵਿੱਚ ਰਾਤੀਂ 8:30 ਵਜੇ ਦੋ ਵਿਅਕਤੀਆਂ ਦੇ ਲੜਾਈ ਕਰਨ ਦੀਆਂ ਖਬਰਾਂ ਮਿਲਣ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਪੁਲਿਸ ਨੇ ਆਖਿਆ ਕਿ ਇਸ ਲੜਾਈ ਦੌਰਾਨ ਇੱਕ ਵਿਅਕਤੀ ਦੇ ਧੜ ਦੇ ਉੱਪਰੀ ਹਿੱਸੇ ਵਿੱਚ ਛੇ ਵਾਰੀ ਚਾਕੂ ਨਾਲ ਵਾਰ ਕੀਤੇ ਗਏ। ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਬਾਅਦ ਵਿੱਚ ਉਸ ਦੀ ਸਥਿਤੀ ਬੇਹੱਦ ਨਾਜ਼ੁਕ ਦੱਸੀ ਗਈ।

ਇੰਸਪੈਕਟਰ ਮਾਈਕਲ ਵਿਲੀਅਮਜ਼ ਨੇ ਦੱਸਿਆ ਕਿ ਪਾਰਕਿੰਗ ਲੌਟ ਵਿੱਚ ਦੋਵਾਂ ਵਿਅਕਤੀਆਂ ਵਿੱਚ ਲੜਾਈ ਤੋਂ ਬਾਅਦ ਛੁਰੇਬਾਜ਼ੀ ਵੀ ਹੋਈ ਤੇ ਇਸ ਮਾਮਲੇ ਦੀ ਜਾਂਚ ਫੋਰੈਂਸਿਕ ਅਧਿਕਾਰੀਆਂ ਵੱਲੋਂ ਵੀ ਮੌਕੇ ਉੱਤੇ ਪਹੁੰਚ ਕੇ ਕੀਤੀ ਜਾ ਰਹੀ ਹੈ। ਮਸ਼ਕੂਕ ਨੂੰ ਆਖਰੀ ਵਾਰੀ ਕੀਲ ਸਟਰੀਟ ਵੱਲ ਜਾਂਦਿਆ ਵੇਖਿਆ ਗਿਆ। ਉਸ ਨੇ ਚਿੱਟੀ ਜਾਂ ਪੀਲੀ ਟੀ-ਸ਼ਰਟ ਤੇ ਨੀਲੀ ਜੀਨਜ਼ ਪਾਈ ਹੋਈ ਸੀ। ਉਸ ਨੂੰ ਮੋਟਰਸਾਈਕਲ ਜਾਂ ਈ-ਬਾਈਕ ਉੱਤੇ ਮੌਕੇ ਤੋਂ ਫਰਾਰ ਹੁੰਦਿਆਂ ਵੇਖਿਆ ਗਿਆ।

ਦੋਵਾਂ ਵਿਅਕਤੀਆਂ ਦਰਮਿਆਨ ਕੀ ਰਿਸ਼ਤਾ ਸੀ, ਇਸ ਬਾਰੇ ਅਜੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ।ਪੁਲਿਸ ਨੇ ਆਖਿਆ ਕਿ ਉਸ ਕੋਲ ਚਾਕੂ ਸੀ ਤੇ ਉਸ ਨੂੰ ਖਤਰਨਾਕ ਮੰਨਿਆ ਜਾ ਸਕਦਾ ਹੈ।

# ਰਾਹੁਲ ਨੂੰ ਮਿਲਣ ਪੁੱਜਾ ਨਵਜੋਤ ਸਿੰਘ ਸਿੱਧੂ, ਪਤਾ ਲੱਗਾ : ਕੋਈ ਬੈਠਕ ਹੀ ਨਹੀਂ ਰੱਖੀ

ਚੰਡੀਗੜ੍ਹ, 29 ਜੂਨ, (ਪੋਸਟ ਬਿਊਰੋ)- ਪੰਜਾਬਕਾਂਗਰਸ ਦੇ ਸਿਆਸੀ ਨਾਟਕ ਵਿੱਚ ਅੱਜ ਮੰਗਲਵਾਰ ਅਸਲੋਂ ਨਵਾਂ ਮੋੜ ਆ ਗਿਆ। ਇੱਕ ਦਿਨ ਪਹਿਲਾਂ ਸੋਮਵਾਰ ਇਹ ਖਬਰ ਮਿਲੀ ਸੀ ਕਿ ਮੰਗਲਵਾਰ ਨੂੰ ਨਵਜੋਤ ਸਿੰਘ ਸਿੱਧੂ ਦੀ ਕਾਂਗਰਸ ਦੇਸਾਬਕਾ ਪ੍ਰਧਾਨ ਰਾਹੁਲ ਗਾਂਧੀ ਅਤੇ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਨਾਲ ਮੀਟਿੰਗ ਹੋਵੇਗੀ, ਪਰ ਅੱਜ ਮੰਗਲਵਾਰ ਸ਼ਾਮ ਨੂੰ ਰਾਹੁਲ ਗਾਂਧੀ ਨੇ ਕਹਿ ਦਿੱਤਾ ਕਿ ਕੋਈ ਮੀਟਿੰਗ ਹੀ ਨਹੀਂ ਰੱਖੀ ਗਈ।

ਵਰਨਣ ਯੋਗ ਹੈ ਕਿ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨਾਲ ਮੀਟਿੰਗ ਲਈ ਨਵਜੋਤ ਸਿੰਘ ਸਿੱਧੂ ਪਟਿਆਲੇ ਤੋਂ ਉਚੇਚੇਦਿੱਲੀ ਗਏ ਸਨਤੇ ਰਾਹੁਲ ਗਾਂਧੀ ਨਾਲ ਉਨ੍ਹਾਂ ਦੀ ਮੀਟਿੰਗ ਵੱਲ ਸਾਰਾ ਦਿਨ ਕਾਂਗਰਸੀ ਆਗੂਆਂ ਦੀ ਨਜ਼ਰ ਲੱਗੀ ਰਹੀ ਸੀ ਤੇ ਜਾਣਕਾਰ ਸੂਤਰ ਕਹਿੰਦੇ ਸਨ ਕਿ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨਾਲ ਉਨ੍ਹਾਂ ਦੀ ਮੀਟਿੰਗ ਸ਼ਾਮ 5 ਵਜੇ ਤੋਂ ਬਾਅਦ ਹੋਣੀ ਸੀ, ਪਰ ਅਚਾਨਕ ਰਾਹੁਲ ਗਾਂਧੀ ਦਾ



ਬਿਆਨ ਆ ਗਿਆ ਕਿ ਨਵਜੋਤ ਸਿੰਘ ਸਿੱਧੂ ਨਾਲ ਕੋਈ ਮੀਟਿੰਗਹੀ ਨਹੀਂ ਰੱਖੀ ਗਈ।ਮੰਨਿਆ ਗਿਆ ਹੈ ਕਿ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਨਾਲ ਮੀਟਿੰਗ ਪਹਿਲਾਂ ਰੱਖ ਕੇ ਅਤੇ ਫਿਰ ਰੱਦ ਕਰਕੇ ਕਾਂਗਰਸ ਹਾਈ ਕਮਾਨ ਨੇ ਨਵਜੋਤ ਸਿੰਘ ਸਿੱਧੂ ਨੂੰ ਝਟਕਾ ਦਿੱਤਾ ਹੈ।

ਅਸਲ ਵਿੱਚ ਪੰਜਾਬ ਕਾਂਗਰਸ ਦੇ ਕਲੇਸ਼ ਦੇਪਹਿਲੇ ਦਿਨੋਂ ਹੀ ਨਵਜੋਤ ਸਿੰਘ ਸਿੱਧੂ ਦੀ ਖਾਸ ਭੂਮਿਕਾ ਰਹੀ ਹੈ ਤੇ ਸਮਝਿਆ ਗਿਆ ਹੈ ਕਿ ਅੱਜ ਦੀ ਬੈਠਕਲਈ ਨਵਜੋਤ ਸਿੰਘ ਸਿੱਧੂ ਨੂੰ ਦਿੱਲੀ ਸੱਦਣ ਤੋਂ ਬਾਅਦ ਉਸ ਨਾਲ ਮੀਟਿੰਗ ਤੋਂ ਇਨਕਾਰ ਕਰਕੇ ਰਾਹੁਲ ਨੇ ਉਸ ਦੇ ਪਰ ਕੁਤਰੇ ਹਨ, ਕਿਉਂਕਿ ਹਾਈ ਕਮਾਨ ਵੱਲੋਂ ਬਣਾਈ ਤਿੰਨ ਮੈਂਬਰੀ ਕਮੇਟੀ ਅੱਗੇ ਵੀ ਨਵਜੋਤ ਸਿੰਘ ਸਿੱਧੂਬਾਰੇ ਬਹੁਤ ਸਾਰੇ ਮੁੱਦੇ ਉੱਭਰੇ ਸਨ। ਉਸ ਕਮੇਟੀ ਦੀ ਰਿਪੋਰਟ ਪਿੱਛੋਂ ਰਾਹੁਲ ਗਾਂਧੀ ਨੇ ਪੰਜਾਬ ਦੇ ਵਿਧਾਇਕਾਂ ਤੇ ਮੰਤਰੀਆਂ ਨਾਲ ਮੁਲਾਕਾਤ ਕੀਤੀ ਤਾਂ ਕਿਹਾ ਗਿਆ ਸੀ ਕਿ ਟਕਸਾਲੀ ਕਾਂਗਰਸੀਆਂ ਨੂੰ ਪਹਿਲਾਂ ਮਾਣ ਦਿੱਤਾ ਜਾਵੇ। ਕਾਂਗਰਸ ਦੇ ਇੱਕ ਰਾਜ ਸਭਾ ਮੈਂਬਰ ਨੇ ਨਵਜੋਤ ਸਿੰਘ ਸਿੱਧੂ ਬਾਰੇ ਕਿਹਾ ਸੀ ਕਿ ਜਦੋਂ ਜ਼ਹਿਰੀਲੀ ਸ਼ਰਾਬ ਨਾਲਲੋਕਾਂ ਦੀਆਂ ਮੌਤ ਹੋਈਆਂ, ਬਹੁਤੇ ਮ੍ਰਿਤਕ ਅੰਮ੍ਰਿਤਸਰ ਤੇ ਤਰਨ ਤਾਰਨ ਜ਼ਿਲਿਆਂ ਦੇ ਸਨ,ਨਵਜੋਤ ਸਿੰਘ ਸਿੱਧੂ ਨੇ ਓਦੋਂ ਉਨ੍ਹਾਂ ਲਈ ਆਵਾਜ਼ ਕਿਉਂ ਨਾਉਠਾਈ। ਉਧਰ ਪਾਰਟੀ ਹਾਈ ਕਮਾਨ ਦੇ ਕਹਿਣ ਉੱਤੇ ਪੰਜਾਬ ਦੇ ਸਾਰੇ ਕਾਂਗਰਸੀ ਆਗੂ ਜਦੋਂ ਪਾਰਟੀ ਵਿਰੁੱਧ ਬੋਲਣ ਤੋਂ ਹਟ ਗਏ ਸਨ ਤਾਂ ਨਵਜੋਤ ਸਿੰਘ ਸਿੱਧੂਓਦੋਂ ਵੀ ਚੁੱਪ ਨਹੀਂ ਸੀ ਕੀਤਾ।

ਦੱਸਿਆ ਜਾਂਦਾ ਹੈ ਕਿ ਅੱਜ ਮੰਗਲਵਾਰ ਹੋਣ ਵਾਲੀ ਮੀਟਿੰਗ ਦੀ ਖ਼ਬਰ ਵੀ ਨਵਜੋਤ ਸਿੰਘਸਿੱਧੂਨੇਮੀਡੀਏ ਅਤੇ ਹੋਰ ਲੋਕਾਂ ਨੂੰਦਿੱਤੀ ਸੀ। ਪਾਰਟੀ ਦੇ ਸੀਨੀਅਰ ਆਗੂਆਂ ਮੁਤਾਬਕ ਰਾਹੁਲ ਗਾਂਧੀ ਨੇ ਸਿੱਧੂ ਨਾਲ ਮੀਟਿੰਗ ਤੋਂ ਨਾਂਹ ਕਰ ਕੇ ਝਟਕਾ ਦਿੱਤਾ ਹੈ, ਕਿਉਂਕਿ ਕਈ ਆਗੂਆਂ ਨੇ ਸਵਾਲ ਉਠਾਏ ਸਨ ਕਿ ਨਵਜੋਤ ਸਿੰਘਸਿੱਧੂ ਪਾਰਟੀ ਵਿਚ ਵੱਡਾ ਅਹੁਦਾ ਤਾਂ ਚਾਹੁੰਦੇ ਹਨ, ਪਰ ਪਾਰਟੀ ਲਈ ਉਨ੍ਹਾਂ ਨੇ ਕੀਤਾ ਕੁਝ ਨਹੀਂ।ਇਸ ਦੌਰਾਨ ਕਾਂਗਰਸ ਦੀ ਮੁਸ਼ਕਲ ਇਹ ਵੀ ਹੈ ਕਿ ਜੇ ਨਵਜੋਤ ਸਿੰਘਸਿੱਧੂ ਨੂੰ ਪੰਜਾਬ ਕਾਂਗਰਸ ਦੀ ਕਮਾਨ ਦਿੱਤੀਗਈ ਤਾਂ ਪਾਰਟੀ ਦਾ ਇਕ ਵੱਡਾ ਹਿੱਸਾ ਨਾਰਾਜ਼ ਹੋ ਜਾਵੇਗਾ ਅਤੇ 2022 ਦੀਆਂ ਚੋਣਾਂ ਮੌਕੇ ਕਾਂਗਰਸ ਇਹ ਖ਼ਤਰਾ ਨਹੀਂ ਉਠਾ ਸਕਦੀ।

# ਟੋਰਾਂਟੋ ਵਿੱਚ ਅੱਜ ਤੋਂ ਬੁੱਕ ਕੀਤੀਆਂ ਜਾਣਗੀਆਂ 650,000 ਤੋਂ ਵੀ ਜ਼ਿਆਦਾ ਵੈਕਸੀਨ ਅਪੁਆਇੰਟਮੈਂਟਸ

ਟੋਰਾਂਟੋ, 29 ਜੂਨ (ਪੋਸਟ ਬਿਊਰੋ) : ਟੋਰਾਂਟੋ ਤੇ ਪੀਲ ਰੀਜਨ ਵਿੱਚ ਮਾਸ ਵੈਕਸੀਨੇਸ਼ਨ ਕਲੀਨਿਕਸ ਵਿਖੇ ਅੱਜ ਹਜ਼ਾਰਾਂ ਦੀ ਗਿਣਤੀ ਵਿੱਚ ਵੈਕਸੀਨ ਅਪੁਆਇੰਟਮੈਂਟਸ ਲਈ ਬੁਕਿੰਗ ਖੋਲ੍ਹੀ ਜਾਵੇਗੀ।

ਸੋਮਵਾਰ ਨੂੰ ਸਿਟੀ ਆਫ ਟੋਰਾਂਟੋ ਨੇ ਐਲਾਨ ਕੀਤਾ ਕਿ ਉਹ ਜੁਲਾਈ ਦੇ ਮਹੀਨੇ ਕੀਤੇ ਜਾਣ ਵਾਲੇ ਟੀਕਾਕਰਣ ਲਈ 375000 ਤੋਂ ਵੀ ਵੱਧ ਅਪੁਆਇੰਟਮੈਂਟ ਬੁੱਕ ਕਰਨਗੇ। 5 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਹਫਤੇ ਤੋਂ ਲੈ ਕੇ ਲਗਾਤਾਰ ਤਿੰਨ ਹਫਤਿਆਂ ਲਈ 125,000 ਅਪੁਆਇੰਟਮੈਂਟਸ ਹੋਰ ਬੁੱਕ ਕੀਤੀਆਂ ਜਾਣਗੀਆਂ। ਪੀਲ ਰੀਜਨ ਵਿੱਚ ਜੁਲਾਈ ਭਰ ਲਈ 290,000 ਅਪੁਆਇੰਟਮੈਂਟ ਬੁੱਕ ਕੀਤੀਆਂ ਜਾਣਗੀਆਂ ਤੇ ਇਹ ਵੀ ਮੰਗਲਵਾਰ ਤੋਂ ਉਪਲਬਧ ਹੋਣਗੀਆਂ। ਇੱਕ ਟਵੀਟ ਵਿੱਚ ਪੀਲ ਰੀਜਨ ਨੇ ਆਖਿਆ ਕਿ ਬੁਕਿੰਗ ਵਿੱਚ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਦੇਰ ਮੰਗ ਵਧਣ ਕਾਰਨ ਹੋ ਸਕਦੀ ਹੈ।




ਨਵੀਆਂ ਅਪੁਆਇੰਟਮੈਂਟਸ ਅੱਜ ਤੋਂ ਹੀ ਸ਼ੁਰੂ ਹੋ ਜਾਣਗੀਆਂ। ਅਪੁਆਇੰਟਮੈਂਟਸ ਪ੍ਰੋਵਿੰਸ ਦੇ ਆਨਲਾਈਨ ਪੋਰਟਲ ਜਾਂ 1-833-943-3900 ਉੱਤੇ ਕਾਲ ਕਰਕੇ ਬੁੱਕ ਕਰਵਾਈਆਂ ਜਾ ਸਕਦੀਆਂ ਹਨ।ਟੋਰਾਂਟੋ ਦੇ ਮੇਅਰ ਜੌਹਨ ਟੋਰੀ ਦਾ ਕਹਿਣਾ ਹੈ ਕਿ ਨਵੀਆਂ ਅਪੁਆਇੰਟਮੈਂਟਸ ਨਾਲ ਦੂਜੀ ਡੋਜ਼ ਲਵਾਉਣ ਵਾਲੇ ਸਾਰੇ ਲੋਕਾਂ ਦਾ ਟੀਕਾਕਰਣ ਹੋ ਸਕੇਗਾ। ਉਨ੍ਹਾਂ ਆਖਿਆ ਕਿ ਹੁਣ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਸਾਰੇ ਲੋਕ ਪ੍ਰੋਵਿੰਸ਼ੀਅਲ ਪੋਰਟਲ ਉੱਤੇ ਦੂਜੀ ਡੋਜ਼ ਬੁੱਕ ਕਰਵਾ ਸਕਣਗੇ।

ਮੇਅਰ ਜੌਹਨ ਟੋਰੀ ਨੇ ਆਖਿਆ ਕਿ ਲੋਕਾਂ ਨੂੰ ਵੈਕਸੀਨੇਟ ਕਰਨ ਲਈ ਅਸੀਂ ਕਾਫੀ ਜ਼ੋਰ ਲਾ ਰਹੇ ਹਾਂ। ਇਨ੍ਹਾਂ 375,000 ਵੈਕਸੀਨੇਸ਼ਨ ਅਪੁਆਇੰਟਮੈਂਟਸ ਨਾਲ ਟੀਕਾਕਰਣ ਜਾਰੀ ਰਹਿ ਸਕੇਗਾ ਤੇ ਇਸ ਮਹਾਂਮਾਰੀ ਦਾ ਖਾਤਮਾ ਹੋ ਸਕੇਗਾ।ਜੁਲਾਈ ਵਿੱਚ ਹੋਣ ਵਾਲੇ ਟੀਕਾਕਰਣ ਲਈ ਨਵੀਆਂ ਅਪੁਆਇੰਟਮੈਂਟਸ ਵਿੱਚੋਂ ਬਹੁਤੀਆਂ ਮੌਡਰਨਾ ਵੈਕਸੀਨ ਲਈ ਹੋਣਗੀਆਂ ਪਰ 12 ਤੋਂ 17 ਸਾਲ ਤੱਕ ਦੇ ਬੱਚਿਆਂ ਨੂੰ ਫਾਈਜ਼ਰ ਹੀ ਲਾਈ ਜਾਵੇਗੀ।
















# 2021-22 ਸਕੂਲ ਵਰ੍ਹੇ ਵਿੱਚ ਇਨ-ਪਰਸਨ ਲਰਨਿੰਗ ਲਈ ਦ੍ਰਿੜ ਹਾਂ : ਲਿਚੇ

...ਪੰਨਾ 1 ਦਾ ਬਾਕੀ

ਲਿਚੇ ਦਾ ਕਹਿਣਾ ਹੈ ਕਿ ਉਹ ਪਿਛਲੇ ਕਈ ਮਹੀਨਿਆਂ ਤੋਂ ਸਾਬਕਾ ਚੀਫ ਮੈਡੀਕਲ ਆਫੀਸਰ ਆਫ ਹੈਲਥ ਨਾਲ ਕੰਮ ਕਰ ਰਹੇ ਹਨ ਤੇ ਹੁਣ ਉਹ ਪ੍ਰੋਵਿੰਸ ਦੇ ਨਵੇਂ ਉੱਘੇ ਡਾਕਟਰ ਨਾਲ ਸਲਾਹ ਕਰਕੇ 2021-22 ਸਕੂਲ ਯੀਅਰ ਲਈ ਯੋਜਨਾ ਤਿਆਰ ਕਰ ਰਹੇ ਹਨ।

ਲਿਚੇ ਨੇ ਆਖਿਆ ਕਿ ਉਹ ਅਤੇ ਪ੍ਰੋਵਿੰਸ ਦੇ ਉੱਘੇ ਡਾਕਟਰ ਬੱਚਿਆਂ ਲਈ ਸਕੂਲ ਦਾ ਮਾਹੌਲ ਸਥਿਰ ਰੱਖਣ ਲਈ ਦ੍ਰਿੜ ਹਨ। ਇਸ ਤੋਂ ਪਹਿਲਾਂ ਲਿਚੇ ਨੇ ਇਹ ਵੀ ਆਖਿਆ ਸੀ ਕਿ ਅਗਲੇ ਸਕੂਲ ਵਰ੍ਹੇ ਵਿੱਚ ਖੇਡਾਂ ਤੇ ਐਕਸਟਰਾ ਕਰੀਕਲਰ ਐਕਟੀਵਿਟੀਜ਼ ਵੀ ਸ਼ਾਮਲ ਹੋਣਗੀਆਂ।


ਕੇਅਰਗੀਵਰ ਦੀ ਲੋੜ CAREGIVER NEEDED

ਸਕਾਰਬਰੋ ਦੇ ਬ੍ਰਿਮਲੀ ਤੇ ਫਿੰਚ ਏਰੀਏ ਵਿਚ ਇਕੱਲੀ ਮਾਤਾ ਦੀ ਦੇਖਭਾਲ ਲਈ ਲਿਵ-ਇਨ ਕੇਅਰਗੀਵਰ ਦੀ ਲੋੜ ਹੈ। ਰਹਿਣ ਅਤੇ ਖਾਣ ਦਾ ਪ੍ਰਬੰਧ ਹੋਵੇਗਾ। ਜਲਦੀ ਸ਼ੁਰੂ ਕਰ ਸਕਦੇ ਹੋ। ਤਨਖਾਹ ਤੇ ਹੋਰ ਜਾਣਕਾਰੀ ਲਈ ਟੈਕਸਟ ਜ਼ਾਂ ਕਾਲ ਕਰੋ:



Mature, Caregiver needed for elderly mom in Scarborough Brimley/ Finch area. Includes free meals & accomodation. Price is negotiable.

Harmeet: 416-845-0905


# ਸਿੱਖ ਲੜਕੀਆਂ ਦਾ ਧਰਮ ਤਬਦੀਲੀ ਦਾ ਮੁੱਦਾ: ਅਗਵਾ ਪਿੱਛੋਂ ਮੁੜੀ ਸਿੱਖ ਲੜਕੀ ਦਾ ਗੁਰੂ ਘਰ ਵਿੱਚ ਆਨੰਦ ਕਾਰਜ ਕਰਵਾਇਆ ਗਿਆ

ਸ੍ਰੀਨਗਰ, 29 ਜੂਨ, (ਪੋਸਟ ਬਿਊਰੋ)- ਕਸ਼ਮੀਰ ਘਾਟੀ ਵਿੱਚ ਦੋ ਸਿੱਖ ਕੁੜੀਆਂ ਦਾ ਧਰਮ ਬਦਲ ਕੇ ਨਿਕਾਹ ਕਰਨ ਦਾ ਮੁੱਦਾਸਿੱਖਆਗੂਆਂ ਦੀਆਂ ਕੋਸ਼ਿਸ਼ਾਂ ਨਾਲ ਕਾਫੀ ਹੱਦ ਤਕ ਹੱਲ ਕਰ ਲਿਆ ਗਿਆ ਹੈ।ਦਿੱਲੀਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਸਾਬਕਾਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਸਮੇਤ ਕਈ ਲੋਕਇਸ ਬਾਰੇ ਸਰਗਰਮ ਰਹੇ ਸਨ।

ਇਸ ਮੁੱਦੇ ਬਾਰੇ ਦੇਸ਼ ਅਤੇ ਵਿਦੇਸ਼ ਤੱਕਸਿੱਖਾਂ ਦੇ ਰੋਸ ਅਤੇ ਸੀਨੀਅਰਸਿੱਖਆਗੂਆਂ ਦੀਆਂ ਲਗਾਤਾਰ ਕੋਸ਼ਿਸ਼ਾਂ ਨਾਲ ਸ੍ਰੀਨਗਰ ਦੀ 18 ਸਾਲਾ ਲੜਕੀ ਮਨਮੀਤ ਕੌਰ ਨੂੰ ਕੱਲ੍ਹ ਅਦਾਲਤ ਨੇ ਉਸ ਦੇ ਪਰਿਵਾਰ ਨੂੰ ਸੌਂਪਦਿੱਤਾ, ਜਿਸ ਪਿੱਛੋਂਸਿੱਖਆਗੂਆਂ ਦੀ ਕੋਸ਼ਿਸ਼ ਨਾਲ ਉਸ ਪਰਿਵਾਰ ਨੇਉਸ ਦਾ ਆਨੰਦ ਕਾਰਜ ਸਥਾਨਕ ਨੌਜਵਾਨ ਸੁਖਬੀਰ ਸਿੰਘ ਨਾਲ ਗੁਰ ਮਰਿਆਦਾ ਮੁਤਾਬਕ ਗੁਰਦੁਆਰਾ ਸਾਹਿਬ ਰੈਨਾਵਾੜੀ ਵਿਖੇ ਕਰ ਦਿੱਤਾ।ਇਸ ਪਿੱਛੋਂ ਇਨ੍ਹਾਂ ਸਿੱਖਆਗੂਆਂਵੱਲੋਂ ਸ਼ੋਸ਼ਲ ਮੀਡੀਆ ਉੱਤੇ ਨਵੀਂ ਵਿਆਹੀ ਜੋੜੀ ਨਾਲ ਖਿਚਵਾਈਆਂ ਤਸਵੀਰਾਂ ਵਾਇਰਲ ਹੋ ਗਈਆਂਤੇਮਨਜਿੰਦਰ ਸਿੰਘ ਸਿਰਸਾ ਇਸ ਪਰਿਵਾਰ ਅਤੇ ਨਵੀਂ ਜੋੜੀ ਨੂੰ ਹਵਾਈ ਜਹਾਜ਼ ਰਾਹੀਂ ਆਪਣੇ ਨਾਲ ਦਿੱਲੀਲੈ ਗਏ।

ਇਸ ਦੇ ਬਾਅਦ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਇਸ ਵੱਡੇਕੇਸ ਦੇ ਨਿਪਟਾਰੇ ਲਈ ਸ਼੍ਰੋਮਣੀ ਕਮੇਟੀ ਵੱਲੋਂਸਿੱਖ ਮਿਸ਼ਨ ਜੰਮੂ-ਕਸ਼ਮੀਰ ਦੇ ਇੰਚਾਰਜ ਹਰਪਿੰਦਰ ਸਿੰਘ ਤੇ ਦਿੱਲੀਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਤੇ ਹੋਰ ਸਿੱਖ ਆਗੂ ਲਗਾਤਾਰ ਯਤਨ ਕਰ ਰਹੇ ਸਨ ਤੇ ਸਿੱਖ ਲੜਕੀ ਦੀ ਘਰ ਵਾਪਸੀ ਤੋਂਸਿੱਖਾਂ ਨੂੰ ਬਲ ਮਿਲਿਆ ਹੈ। ਉਨ੍ਹਾਂ ਕਿਹਾ ਕਿ ਆਸ ਹੈ ਕਿ ਦੂਸਰੀ ਲੜਕੀ ਵੀ ਛੇਤੀ ਵਾਪਸ ਆ ਜਾਵੇਗੀ। ਉਨ੍ਹਾਂ ਕਿਹਾ ਕਿ ਭਾਰਤ ਦੇ ਜਿਸ ਵੀ ਖਿੱਤੇ ਵਿਚ ਕਦੇ ਵੱਡੀ ਗਿਣਤੀ ਵਿਚ ਸਿੱਖ ਵੱਸਦੇ ਸਨ, ਅੱਜ ਉੱਥੋਂ ਹਿਜਰਤ ਕਰਨ ਲਈ ਮਜਬੂਰ ਹੋ ਰਹੇ ਹਨ, ਉਨ੍ਹਾਂ ਨੂੰ ਘੱਟ ਗਿਣਤੀ ਹੋਣ ਦੇ ਬਾਵਜੂਦ ਘੱਟ ਗਿਣਤੀ ਵਾਲੀਆਂ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ, ਜਿਸ ਬਾਰੇ ਸਰਕਾਰਾਂ ਨੂੰ ਸੋਚਣਾ ਚਾਹੀਦਾ ਹੈ।

## ਹੈਮਿਲਟਨ ਦੇ ਪਾਰਕ ਵਿੱਚ ਛੁਰੇਬਾਜ਼ੀ ਕਾਰਨ 17 ਸਾਲਾ ਲੜਕਾ ਗੰਭੀਰ ਜ਼ਖ਼ਮੀ

ਹੈਮਿਲਟਨ, 29 ਜੂਨ (ਪੋਸਟ ਬਿਊਰੋ) : ਮੰਗਲਵਾਰ ਦੁਪਹਿਰੇ ਹੈਮਿਲਟਨ ਦੇ ਪਾਰਕ ਵਿੱਚ ਛੁਰੇਬਾਜ਼ੀ ਕਾਰਨ ਜ਼ਖ਼ਮੀ ਹੋਏ ਇੱਕ 17 ਸਾਲਾ ਲੜਕੇ ਨੂੰ ਹਸਪਤਾਲ ਪਹੁੰਚਾਇਆ ਗਿਆ।

ਹੈਮਿਲਟਨ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਨੂੰ ਦੁਪਹਿਰੇ 3:00 ਵਜੇ ਦੇ ਨੇੜੇ ਤੇੜੇ ਰਾਇਮਲ ਰੋਡ ਈਸਟ ਤੇ ਅੱਪਰ ਸ਼ਰਮਨ ਐਵਨਿਊ ਨੇੜੇ ਬਿਲੀ ਸ਼ੈਰਿੰਗ ਪਾਰਕ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਭੇਜਿਆ ਗਿਆ। ਹੈਮਿਲਟਨ ਦੇ ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ 17 ਸਾਲਾਂ ਦੇ ਲੜਕੇ ਨੂੰ ਗੰਭੀਰ ਹਾਲਤ ਵਿੱਚ ਟਰੌਮਾਂ ਸੈਂਟਰ ਲਿਜਾਇਆ ਗਿਆ। ਬਾਅਦ ਵਿੱਚ ਪੁਲਿਸ ਨੇ ਦੱਸਿਆ ਕਿ ਲੜਕੇ ਦੀ ਹਾਲਤ ਵਿੱਚ ਸੁਧਾਰ ਦੱਸਿਆ ਜਾਂਦਾ ਹੈ ਤੇ ਹੁਣ ਉਸ ਦੀ ਹਾਲਤ ਸਥਿਰ ਹੈ।


ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਸੰਪਰਕ: 647-205-5909, 416-618-3358

ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

ਸੰਪਰਕ: 647-391-3365

BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh


416.670.3173 | 905.799.7333

27 Edvac Dr, Brampton, ON L6S 5X8

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?



ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224



KAMAL SANDHU
Sales Representative
647.891.0143

RE/MAX GOLD
realtorkamalsandhu@gmail.com
www.arearealtor.com

Looking For a Nest..? Call the Best



CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2255 | 42' |

EXCLUSIVE FOR SALE IN WOODSTOCK



EXCLUSIVE
JAMES C

CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |

3+1 bdrms with finished Basement



Kamal Sandhu 647-891-0143
Re/Max Gold Realty Inc Brokerage

Just listed for sale on MLS, 5 Sedgegrass way Brampton

KAMAL SANDHU RE/MAX GOLD REALTY INC BROKERAGE

BRAMPTON CELEBRATES CANADA DAY
JULY 1 2021

Canada
Funded by the Government of Canada

BRAMPTON

Presented by
alectra
Tim Hortons.

Visit brampton.ca/canadaday for full details

Generously Sponsored by
Algoma University
Bell
Meridian
Spirit of Math

# ਮੈਂ ਤਾਂ ਬਾਹਰ ਹੀ ਜਾਣੈ...!



ਚਾਨਣ ਦੀਪ ਸਿੰਘ ਔਲਖ

ਪਿੰਡ ਦੇ ਬੱਸ ਅੱਡੇ ਤੇ ਮੋਟਰਸਾਈਕਲ ਦੇ ਟਾਇਰ ਨੂੰ ਪੈਂਚਰ ਲਗਵਾ ਰਹੇ ਜਗਤਾਰ ਸਿੰਘ ਨੂੰ ਉਸਦੇ ਜਮਾਤੀ ਰਹੇ ਗੁਰਜੰਟ ਸਿੰਘ ਨੇ ਪੁੱਛਿਆ " ਕੀ ਹਾਲ ਐ ਤਾਰੀ ? ਫ਼ਸਲ ਬਾੜੀ ਵਧੀਐ? ਉਹ ਸੱਚ ਤੇਰਾ ਮੁੰਡਾ ਕਿਹੜੀ ਕਲਾਸ ਵਿੱਚ ਹੋ ਗਿਆ?" ਇੱਕੋ ਸਾਹ ਗੁਰਜੰਟ ਕਈ ਸਾਰੇ ਸਵਾਲ ਕਰ ਗਿਆ। ਜਗਤਾਰ ਨੇ ਉੱਤਰ ਦਿੰਦਿਆਂ ਕਿਹਾ " ਵਧੀਐ ਬਾਈ ! ਮੁੰਡੇ ਨੇ ਬਾਰਵੀਂ ਕਰ ਲਈ ਸੀ। ਹੁਣ ਇੱਕ ਗੱਲ ਤੇ ਹੀ ਅੜਿਐ, ਕਹਿੰਦਾ ਮੈਂ ਤਾਂ ਬਾਹਰ ਹੀ ਜਾਣੈ। ਮੈਂ ਕਿਹਾ ਚੱਲ ਕੋਈ ਨਾ, ਕਰਾਂਗੇ ਕੋਈ ਖੱਬਾ ਸੱਜਾ। ਹੁਣ ਓਹ ਬਾਹਰ ਜਾਣ ਦਾ ਕੋਰਸ (ਆਈਲੈਟਸ) ਕਰਨ ਲੱਗ ਪਿਐ ਸ਼ਹਿਰ।" ਗੁਰਜੰਟ ਨੇ ਹੁੰਗਾਰਾ ਭਰਦਿਆਂ ਕਿਹਾ " ਚਲ ਕੋਈ ਨਾ ਜੇ ਕਰਦੈ ਤਾਂ ਕਰਵਾ ਦੇ। ਨਾਲੇ ਚਾਰ-ਪੰਜ ਕਿਲਿਆਂ ਦੀ ਖੇਤੀ ਦੀ ਕਿੰਨੀ ਕ ਆਮਦਨ ਐ। ਬਾਕੀ ਇਥੇ ਕਿਹੜਾ ਨੌਕਰੀਆਂ ਮਿਲਦੀਆਂ।"

ਬਰਾਂਡੇ ਵਿੱਚ ਮੋਟਰਸਾਈਕਲ ਖੜਾਉਂਦਿਆਂ ਜਗਤਾਰ ਸਿੰਘ ਦੀ ਪਤਨੀ ਬਲਜੀਤ ਕੌਰ ਨੇ ਪੁੱਛਿਆ " ਆ ਗਏ ਤੁਸੀਂ ? ਲੈ ਆਏ ਆੜਤੀਏ ਤੋਂ ਵੀਹ ਹਜ਼ਾਰ ਫੜਕੇ? ਗਗਨ ਕਹਿੰਦਾ ਸੀ ਕੱਲ੍ਹ ਨੂੰ ਪੇਪਰ ਭਰਨ ਦੀ ਲਾਸਟ ਤਰੀਕ ਐ!" ਜਗਤਾਰ ਨੇ ਪੈਸਿਆਂ ਵਾਲਾ ਝੋਲਾ ਬਲਜੀਤ ਕੌਰ ਨੂੰ ਫੜਾਉਂਦਿਆਂ ਕਿਹਾ "ਪਹਿਲਾਂ ਪਾਣੀ ਪੁਣੀ ਤਾਂ ਪੁੱਛ ਲਿਆ ਕਰ! ਲੈ ਸਾਂਭ ਦੇ ਇਨ੍ਹਾਂ ਨੂੰ।" ਬਲਜੀਤ ਕੌਰ ਨੇ ਪਾਣੀ ਦਾ ਗਲਾਸ ਫੜਾਉਂਦਿਆਂ ਕਿਹਾ " ਐਂਵੇ ਨਾ ਔਖੇ ਭਾਰੇ ਜੇ ਹੋਇਆ ਕਰੋ! ਤੁਸੀਂ ਪਹਿਲਾਂ ਤਾਂ ਕਦੇ ਨਹੀਂ ਸੁਣੀ ਮੇਰੀ, ਹੁਣ ਮਸਾਂ ਅੱਡ ਵਿਢ ਹੋਏ ਆਂ। ਮੇਰੀ ਮੰਨੋ ਜਿਵੇਂ ਕਿਵੇਂ ਕਰਕੇ ਗਗਨ ਨੂੰ ਤੋਰਦੋ ਬਾਹਰ, ਜੂਨ ਸੁਧਰ ਜੂ ਆਪਣੀ। ਮੇਰੀ ਭੂਆ ਦੇ ਪੋਤੇ ਨੂੰ ਦੇਖਲੋ, ਹਲੇ ਮਸਾਂ ਦੋ ਢਾਈ ਸਾਲ ਹੋਏ ਆ ਪੱਕਾ ਹੋ ਗਿਆ, ਨੋਟਾਂ ਚ ਖੇਡਦੇਆ ਅਗਲੇ।"

ਇੱਕ ਮਹੀਨੇ ਬਾਅਦ ਆਈਲੈਟਸ ਦਾ ਰਿਜਲਟ ਆ ਗਿਆ ਪਰ ਗਗਨ ਦਾ ਬੈਂਡ ਸਕੋਰ ਪੰਜ ਹੀ ਰਹਿ ਗਿਆ। ਬਲਜੀਤ ਕੌਰ ਦੇ ਵਾਰ ਵਾਰ ਸਮਝਾਉਣ ਤੇ ਜਗਤਾਰ ਸਿੰਘ ਨੇ ਇੱਕ ਵਾਰ ਫੇਰ ਔਖੇ ਸੌਖੇ ਟੈਸਟ ਦੇ ਪੈਸੇ ਭਰ ਦਿੱਤੇ। ਪਰ ਇਸ ਵਾਰ ਵੀ ਗਗਨ ਪੂਰੇ ਬੈਂਡ ਹਾਸਲ ਨਾ ਕਰ ਸਕਿਆ।

ਨਿਰਾਸ਼ ਹੋਏ ਗਗਨ ਨੂੰ ਸਮਝਾਉਂਦਿਆਂ ਉਸਦੀ ਮਾਂ ਨੇ ਕਿਹਾ " ਚਲ ਕੋਈ ਨਾ ਪੁੱਤ ਇੱਕ ਵਾਰੀ ਹੋਰ ਪੇਪਰ ਦੇ ਲਈਂ! ਮੈਂ ਆਪੇ ਮਨਾ ਲਊਂ ਤੇਰੇ ਪਿਓ ਨੂੰ।" ਗਗਨ ਨੇ ਵਿਚੋਂ ਟੋਕਦਿਆਂ ਕਿਹਾ " ਨਹੀਂ ਮਾਂ! ਹੁਣ ਨਹੀਂ ਨਿਕਲਦਾ ਮੇਰੇ ਤੋਂ ਟੈਸਟ ਟੁਸਟ! ਪਰ ਮੈਂ ਜਾਣਾ ਬਾਹਰ ਹੀ ਐ। ਇੱਕ ਏਜੈਂਟ ਕਹਿੰਦਾ ਸੀ ਕਿ 6 ਬੈਂਡਾਂ ਵਾਲੀ ਕੁੜੀ ਨਾਲ ਵਿਆਹ ਕਰਵਾ ਕੇ ਓਹਦੀਆਂ ਫੀਸਾਂ ਭਰ ਕੇ ਭੇਜ ਦਿਆਂਗੇ। ਫੇਰ ਉਹ ਉਥੇ ਜਾ ਕੇ ਮੈਨੂੰ ਸੱਦ ਲਊ।" ਬਲਜੀਤ ਕੌਰ ਨੇ ਹੈਰਾਨ ਹੋ ਕੇ ਪੁੱਛਿਆ " ਐਵੇਂ ਕਿਵੇਂ? ਪਰ ਕਿਸੇ ਤੇ ਪੈਸੇ ਲਾਉਣ ਲਈ ਤੇਰੇ ਪਿਓ ਨੂੰ ਕੌਣ ਮਨਾਉ! ਮੈਂ ਤਾਂ ਪਹਿਲਾਂ ਮਸਾਂ ਰਾਜ਼ੀ ਕੀਤਾ ਸੀ।"

ਜਗਤਾਰ ਸਿੰਘ ਨੇ ਗੱਲ ਸੁਣਦਿਆਂ ਹੀ ਸਾਫ ਮਨਾ ਕਰ ਦਿੱਤਾ। ਗਗਨ ਨੇ ਗੁੱਸੇ ਹੋ ਕੇ ਕਿਹਾ "ਬਾਹਰ ਜਾਣਾ ਹੁਣ ਮੇਰੀ ਇਜ਼ਤ ਦਾ ਸਵਾਲ ਐ! ਜੇਕਰ ਤੁਸੀਂ ਨਹੀਂ ਮੰਨਣਾ ਤਾਂ ਮੈਂ ਕੁਝ ਖਾ ਕੇ ਮਰ ਜਾਊਂ।" ਬਲਜੀਤ ਕੌਰ ਨੇ ਰੋਂਦੇ ਹੋਏ ਜਗਤਾਰ ਸਿੰਘ ਨੂੰ ਕਿਹਾ "ਤੁਸੀਂ ਵੀ ਐਂਵੇ ਅੜੀ ਕਰ ਬੈਠਦੇ ਓ! ਜੇ ਜਵਾਕ ਨੇ ਕੁਝ ਕਰ ਲਿਆ ਫੇਰ ਅੱਖਾਂ ਚ ਘਸੂਨ ਦੇ ਕੇ ਰੋਵਾਂਗੇ। ਕੁਝ ਨਹੀਂ ਹੁੰਦਾ ਜ਼ਮੀਨ ਵੇਚ ਦਿਆਂ ਗੇ ਥੋੜੀ ਘਣੀ, ਓਹ ਵੀ ਤਾਂ ਓਸੇ ਦੀ ਐ!" ਜਗਤਾਰ ਸਿੰਘ ਦੁਚਿੱਤੀ ਵਿੱਚ ਫ਼ਸਿਆ ਕਦੇ ਪੁਰਖਾਂ ਦੀ ਸਾਂਭੀ ਜ਼ਮੀਨ ਬਾਰੇ ਸੋਚਦਾ ਅਤੇ ਕਦੇ ਮੁੰਡੇ ਬਾਰੇ। ਗੁਰਜੰਟ ਸਿੰਘ ਦੇ ਕਹੇ ਬੋਲਾਂ ਨੇ ਵੀ ਉਸਨੂੰ ਅੰਦਰੋਂ ਹਾਂ ਕਰਨ ਲਈ ਮਜਬੂਰ ਕਰ ਹੀ ਦਿੱਤਾ।

ਚਾਨਣ ਦੀਪ ਸਿੰਘ ਔਲਖ, ਪਿੰਡ ਗੁਰਨੇ ਖੁਰਦ (ਮਾਨਸਾ), ਸੰਪਰਕ : 9876888177

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਮਾਡਲ ਟੇਨੇਨਸੀ ਐਕਟ 2021 - ਇਕ ਝਾਤ

# ਕੀ ਮਾਡਲ ਟੇਨੇਨਸੀ 2021 ਵਧਾ ਪਾਊਗਾ ਰੀਅਲ ਇਸਟੇਟ ਵਿੱਚ ਨਿਵੇਸ਼



ਡਾ. ਅਮਨਪ੍ਰੀਤ ਸਿੰਘ ਬਰਾੜ

ਹਰ ਪ੍ਰਾਣੀ ਲਈ ਘਰ ਦੀ ਜਰੂਰਤ ਹੈ, ਜਿਥੇ ਉਹ ਸੁਰਖਿਅੱਤ ਮਹਿਸੂਸ ਕਰ ਸਕੇ। ਇਨਸਾਨ ਘਰ ਬਣਾਉਂਦੇ ਹਨ, ਜਾਨਵਰ ਆਲ੍ਹਣਾ ਅਤੇ ਕੀੜ੍ਹੇ ਖੁੱਡਾਂ ਬਣਾਉਂਦੇ ਹਨ। ਭਾਰਤ ਵਿੱਚ 2011 ਦੀ ਮਰਦਮਸ਼ੁਮਾਰੀਛਣਨਸੁਸ ਮੁਤਾਬਕ 18.78 ਮਿਲੀਅਨ (187.8 ਲੱਖ) ਘਰਾਂ ਦੀ ਘਾਟ ਸੀ, ਲੋਕਾਂ ਦੇ ਰਹਿਣ ਵਾਸਤੇ। ਜੋ ਅਗਲੇ 10 ਸਾਲਾ ਵਿੱਚ ਹੋਰ ਵਧੀ ਹੋਵੇਗੀ। ਇਕ ਅੰਦਾਜੇ ਮੁਤਾਬਕ ਇਸ ਵਕਤ ਭਾਰਤ ਵਿੱਚ ਇਕ ਕਰੋੜ ਘਰ ਖਾਲੀ ਪਏ ਹਨ, ਜਿਹੜੇ ਮਾਲਕ ਮਕਾਨ ਇਸ ਲਈ ਕਿਰਾਏ ਤੇ ਨਹੀ ਦਿੰਦੇ, ਕਿ ਜਿਹੜੇ ਕਾਨੂੰਨ ਅੱਜ ਲਾਗੂ ਹਨ ਉਹਨਾਂ ਦਾ ਝੁਕਾਅ ਕਿਰਾਏਦਾਰਾ ਵੱਲ ਜਿਆਦਾ ਹੈ। ਕਿਰਾਏਦਾਰ ਅਤੇ ਮਾਲਕ ਮਕਾਨ ਦੋਹਾਂ ਦੇ ਹਿੱਤਾਂ ਨੂੰ ਬਰਾਬਰ ਕਰਨ ਲਈ ਕੇਂਦਰ ਵਲੋਂ ਮਾਡਲ ਟੇਨੇਨਸੀ ਐਕਟ 2021 ਲਿਆਂਦਾ ਗਿਆ ਹੈ, ਕਿਉਂਕਿ ਜਮੀਨੀ ਕਾਨੂੰਨ ਪਾਸ ਕਰਨ ਦਾ ਅਧਿਕਾਰ ਸੂਬਿਆਂ ਕੋਲ ਹੈ, ਇਸ ਲਈ ਸੂਬਿਆਂ ਦੀ ਮਰਜੀ ਹੈ ਕਿ ਉਹ ਉਕਤ ਕਾਨੂੰਨ ਆਪਣੇ ਸੂਬੇ ਲਈ ਇੰਨ ਬਿੰਨ ਪਾਸ ਕਰ ਲੈਣ ਜਾਂ ਇਸ ਵਿੱਚ ਕੁਝ ਬਦਲਾਅ ਕਰਕੇ ਪਾਸ ਕਰਨ ਜਾਂ ਇਸ ਕਾਨੂੰਨ ਨੂੰ ਬਿਲਕੁਲ ਅਣਗੋਲਿਆਂ ਕਰ ਜਾਣ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਜਮੀਨੀ ਕਾਨੂੰਨ ਪਾਸ ਕਰਨ ਦਾ ਅਧਿਕਾਰ ਸੂਬਿਆਂ ਕੋਲ ਹੈ ਤਾਂ ਫਿਰ ਖੇਤੀ ਕਾਨੂੰਨ ਕੇਂਦਰ ਨੇ ਕਿਉ ਪਾਸ ਕੀਤੇ। ਕਿਸਾਨਾ ਦਾ ਮੁੱਖ ਮੁੱਦਾ ਹੀ ਇਹ ਹੈ। ਇਸ ਲੇਖ ਵਿੱਚ ਮਾਡਲ ਟੇਨੇਨਸੀ ਐਕਟ 2021 ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਕਿਹੜੀਆਂ ਇਮਾਰਤਾ ਇਸ ਐਕਟ ਦੇ ਅਧੀਨ ਆਉਣਗੀਆਂ:- ਇਸ ਐਕਟ ਅਧੀਨ ਨਿਜੀ ਰੇਜੀਡੇਨਸ਼ੀਅਲ (ਯਾਨੀ ਰਹਿਣ ਵਾਲੀਆਂ) ਅਤੇ ਕਮਰਸ਼ੀਅਲ ਇਮਾਰਤਾ ਆਉਣਗੀਆਂ। ਕੋਈ ਵੀ ਇਮਾਰਤ ਜੋ ਕੇਂਦਰ, ਸੂਬਾ ਸਰਕਾਰ ਜਾਂ ਕੇਂਦਰ ਸ਼ਾਸ਼ਤ ਪ੍ਰਦੇਸ਼ ਦੀ ਮਾਲਕੀ ਹੇਠ ਆਉਂਦੀ ਹੈ, ਉਹ ਇਸ ਐਕਟ ਦਾ ਹਿੱਸਾ ਨਹੀ ਹੋਊਗੀ। ਇਸ ਤੋ ਇਲਾਵਾ ਜਿਸ ਇਮਾਰਤ ਦੀ ਮਲਕੀਅਤ ਕੰਪਨੀ ਯੂਨੀਵਰਸਿਟੀ ਜਾਂ ਕਿਸੇ ਹੋਰ ਸੰਸਥਾਂ ਕੋਲ ਹੈ, ਉਹ ਵੀ ਇਸ ਤੋ ਬਾਹਰ ਹਨ। ਇਸ ਤੋ ਇਲਾਵਾ ਵਕਫ ਬੋਰਡ ਦੀਆਂ ਇਮਾਰਤਾ ਜੋ ਵਕਫ ਐਕਟ 1995 ਜਾਂ ਕਿਸੇ ਟਰਸੱਟ ਦੀਆਂ ਹਨ, ਜੋ ਟਰਸੱਟ ਪਬਲਿਕ ਟਰਸੱਟ ਕਾਨੂੰਨ ਦੇ ਅਧੀਨ ਆਉਂਦੇ ਹਨ।

ਇਕਰਾਰਨਾਮਾ ਕਰਨਾ ਲਾਜ਼ਮੀ :- ਇਸ ਕਾਨੂੰਨ ਦੇ ਲਾਗੂ ਹੋਣ ਨਾਲ ਮਕਾਨ ਮਾਲਕ ਅਤੇ ਕਿਰਾਏਦਾਰ ਦੇ ਵਿਚਾਲੇ ਕਿਰਾਏ ਦਾ ਇਕਰਾਰਨਾਮਾ ਕਰਨਾ ਜਰੂਰੀ ਹੋਵੇਗਾ। ਕੋਈ ਵੀ ਵਿਅਕਤੀ ਬਿਨ੍ਹਾਂ ਕਿਰਾਏਨਾਮੇ ਦੇ ਨਾ ਕਿਰਾਏ ਤੇ ਕੋਈ ਮਕਾਨ ਜਾਂ ਦੁਕਾਨ ਦੇ ਸਕੂਗਾ ਜਾਂ ਲੈ ਸਕੂਗਾ। ਇਕਰਾਰਨਾਮਾ ਕਰਨ ਤੋ ਬਾਅਦ ਇਸ ਨੂੰ ਦੋਵੇ ਪਾਰਟੀਆਂ ਨੂੰ ਰੈਂਟ ਅਥਾਰਟੀ ਕੋਲ 2 ਮਹੀਨਿਆਂ ਵਿੱਚ ਰਜਿਸਟਰ ਕਰਵਾਉਣਾ ਹੋਵੇਗਾ। ਰੈਂਟ ਅਥਾਰਟੀ ਦੋਨਾਂ ਪਾਰਟੀਆਂ ਨੂੰ ਵਿਲੱਖਣ ਪਛਾਣ ਨੰਬਰ (ਨਤਿੁਇ ਦਿੲਨਟਡਿਚਿਓਟੋਨਿ ਮਬੲਰ) ਜਾਰੀ ਕਰੂਗੀ ਅਤੇ ਇਸ ਨੂੰ ਸੂਬਾ ਜਾਂ ਦੇਸ਼ ਦੀ ਭਾਸ਼ਾ ਵਿੱਚ ਆਨਲਾਈਨ ਆਪਣੀ ਸਾਈਟ ਤੇ ਸੱਤ ਦਿਨਾਂ ਵਿੱਚ ਅਪਲੋਡ ਕਰਨਾ ਹੋਵੇਗਾ। ਜੇ ਐਗਰੀਮੈਂਟ ਖਤਮ ਹੋਣ ਤੋ ਬਾਅਦ ਵੀ ਨਵਾਂ ਐਗਰੀਮੈਂਟ ਹੁੰਦਾ ਹੈ ਤਾਂ ਵੀ ਉਹ ਰਜਿਸਟਰ ਕਰਵਾਉਣਾ ਹੋਵੇਗਾ। ਅਗਰ ਐਗਰੀਮੈਂਟ ਦੀ ਮਿਆਦ ਰਹਿੰਦੇ ਮਾਲਕ ਜਾਂ ਕਿਰਾਏਦਾਰ ਦੀ ਮੌਤ ਹੋ ਜਾਂਦੀ ਹੈ ਤਾਂ ਇਕਰਾਰਨਾਮੇ ਦੀਆਂ ਸ਼ਰਤਾਂ ਉਹਨਾ ਦੇ ਵਾਰਸਾ ਤੇ ਲਾਗੂ ਹੋਣਗੀਆਂ। ਕੋਈ ਵੀ ਕਿਰਾਏਦਾਰ ਕਿਰਾਏ ਵਾਲੀ ਜਗ੍ਹਾਂ ਨੂੰ ਅਗਾਂਹ ਕਿਸੇ ਨੂੰ ਕਿਰਾਏ ਤੇ ਨਹੀ ਦੇ ਸਕਦਾ, ਜਿਨ੍ਹਾਂ ਚਿਰ ਉਹ ਇਸ ਦਾ ਸਪਲੀਮੈਂਟਰੀ (ਪੂਰਨ) ਇਕਰਾਰਨਾਮਾ ਮਕਾਨ ਜਾਂ ਦੁਕਾਨ ਮਾਲਕ ਨਾਲ ਨਹੀ ਕਰਦਾ।

ਕਿਰਾਇਆ ਤੇ ਸਕਿਉਰਿਟੀ ਕਿੰਨੀ ਹੋਵੇਗੀ :- ਇਮਾਰਤ ਦਾ ਕਿਰਾਇਆ ਮਾਲਕ ਮਕਾਨ ਅਤੇ ਕਿਰਾਏਦਾਰ ਆਪਸੀ ਸਹਿਮਤੀ ਨਾਲ ਤਹਿ ਕਰਨਗੇ। ਸਕਿਉਰਿਟੀ ਰਿਹਾਇਸ਼ੀ ਇਮਾਰਤ ਦੀ ਦੋ (2) ਮਹੀਨੇ ਦਾ ਕਿਰਾਇਆ ਹੋਵੇਗਾ ਅਤੇ ਵਪਾਰਕ ਇਮਾਰਤ ਦੀ ਛੇ (6) ਮਹੀਨੇ ਦਾ ਕਿਰਾਇਆ। ਜੇ ਇਕਰਾਰਨਾਮੇ ਦੀ ਮਿਆਦ ਖਤਮ ਹੋ ਗਈ ਅਤੇ ਕਿਰਾਏਦਾਰ ਇਮਾਰਤ ਖਾਲੀ ਨਹੀ ਕਰਦਾ ਉਸਨੂੰ ਪਹਿਲੇ 2 ਮਹੀਨੇ ਦੁਗਨਾ ਕਿਰਾਇਆ ਦੇਣਾ ਪਊਗਾ ਤੇ ਉਸਤੋ ਬਾਅਦ 4 ਗੁਣਾ ਕਿਰਾਇਆ ਦੇਣਾ ਪਵੇਗਾ। ਜਿਹੜਾ ਪੈਸਾ ਕਿਰਾਏਦਾਰ ਵਲੋਂ ਸਕਿਉਰਿਟੀ ਵਜੋਂ ਰੱਖਿਆ ਗਿਆ, ਉਹ ਮਕਾਨ ਖਾਲੀ ਕਰਨ ਸਮੇਂ ਮਾਲਕ ਨੂੰ ਵਾਪਸ ਦੇਣਾ ਪਵੇਗਾ। ਜੇ ਮਾਲਕ ਸਕਿਉਰਿਟੀ ਇਮਾਰਤ ਖਾਲੀ ਕਰਨ ਸਮੇਂ ਨਹੀ ਮੋੜਦਾ ਤਾਂ ਇਮਾਰਤ ਖਾਲੀ ਕਰਨ ਅਤੇ ਸਕਿਉਰਿਟੀ ਮੋੜਨ ਤਕ ਦੇ ਸਮੇਂ ਦਾ ਵਿਆਜ ਸਧਾਰਨ ਦਰ ਤੇ ਦੇਵੇਗਾ।

ਇਮਾਰਤ ਅਤੇ ਜਗ੍ਹਾ ਦੀ ਸਾਂਭ ਸੰਭਾਲ :- ਇਮਾਰਤ ਨੂੰ ਸਾਫ ਸੁਥਰਾ ਰੱਖਣਾ, ਮਾਲਕ ਅਤੇ ਕਿਰਾਏਦਾਰ ਦੋਨਾਂ ਦਾ ਕੰਮ ਹੈ, ਜਿਹੜੀ ਜਗ੍ਹਾ ਮਾਲਕ ਮਕਾਨ ਅਤੇ ਕਿਰਾਏਦਾਰ ਵਲੋਂ ਸਾਝੇ ਤੋਰ ਤੇ ਵਰਤੀ ਜਾਂਦੀ ਹੈ, ਉਹਨਾਂ ਲਈ ਦੋਨੋ ਵਚਨ ਬੱਧ ਹਨ। ਜਿਵੇਂ ਪੈਸੇਜ, ਘਾਹ ਦੀ ਜਗਾਹ। ਪਰ ਜੇ ਕੋਈ ਇਮਾਰਤ ਦੀ ਰਿਪੇਅਰ (ਮੁਰਮੰਤ) ਕਰਵਾਉਣੀ ਹੈ ਜਾਂ ਰੰਗ ਰੋਗਣ ਜਾਂ ਕੋਈ ਅੰਦਰ ਬਾਹਰ ਦੀਆਂ ਤਾਰਾ ਦਾ ਕੰਮ, ਇਹ ਸਭ ਮਕਾਨ ਮਾਲਕ ਕਰੇਗਾ। ਪਰ ਜਿਹੜੀ ਚੀਜ਼ ਕਿਰਾਏਦਾਰ ਰੋਜ ਮਰਹਾ ਦੀ ਜਿੰਦਗੀ ਵਿੱਚ ਵਰਤਦੇ ਹਨ ਜਿਵੇਂ ਬਿਜਲੀ ਸਵਿੱਚ, ਪਲੰਗ, ਨਾਲੀਆਂ ਦੀ ਸਾਫ ਸਫਾਈ, ਕੋਈ ਸਿੰਕ ਟੁੱਟਦਾ ਜਾਂ ਗੀਜ਼ਰ ਖਰਾਬ ਹੋ ਜਾਏ ਜਾਂ ਫਿਰ ਰਸੋਈ ਜਾਂ ਕਮਰੇ ਦੀ ਲਕੜ ਦੀ ਅਲਮਾਰੀ ਆਦਿ ਖਰਾਬ ਹੋਣ ਇਹ ਸਭ ਕਿਰਾਏਦਾਰ ਦੀ ਜਿੰਮੇਵਾਰੀ ਹੈ। ਇਸ ਤੋ ਇਲਾਵਾ ਜੇ ਕਿਰਾਏਦਾਰ ਕੋਈ ਹੋਰ ਖਾਲੀ ਥਾਂ ਵਰਤਦਾ ਹੈ, ਜਿਵੇਂ ਛੱਤ ਆਦਿ ਉਸ ਦੀ ਮੇਨਟੀਨੈਂਸ ਵੀ ਕਿਰਾਏਦਾਰ ਦੀ ਹੋਵੇਗੀ। ਪਰ ਜੇ ਕਿਰਾਏਦਾਰ ਇਹ ਨਹੀ ਕਰਦਾ ਤਾਂ ਮਾਲਕ ਕਰਾਉਂਦਾ ਹੈ ਤਾਂ ਉਹ ਸਕਿਉਰਿਟੀ ਵਿਚੋ ਪੈਸੇ ਕੱਟ ਸਕਦਾ ਹੈ ਅਤੇ ਕਿਏਦਾਰ ਨੂੰ ਇਹ ਪੈਸੇ ਮਹੀਨੇ ਦੇ ਕਿਰਾਏ ਨਾਲ ਦੇਣੇ ਪੈਣਗੇ। ਜਿਹੜੀ ਰਿਪੇਅਰ ਮਾਲਕ ਦੀ ਜਿੰਮੇਵਾਰੀ ਹੈ ਜੇ ਉਹ ਰਿਪੇਅਰ ਕਿਰਾਏਦਾਰ ਕਰਵਾਉਂਦਾ ਹੈ ਤਾਂ ਕਿਰਾਏਦਾਰ ਕਿਰਾਏ ਵਿਚੋ ਪੈਸੇ ਕੱਟ ਸਕਦਾ ਹੈ।

ਕਿਰਾਏਦਾਰ ਤੋ ਕਿੰਨਾ ਹਾਲਾਤਾਂ ਵਿੱਚ ਮਕਾਨ ਖਾਲੀ ਕਰਾਇਆ ਜਾ ਸਕਦਾ ਹੈ :- ਇਮਾਰਤ ਉਦੋ ਖਾਲੀ ਕਰਵਾਈ ਜਾ ਸਕਦੀ ਹੈ, ਜਦੋ ਕਿਰਾਏਦਾਰ ਨੇ ਦੋ ਮਹੀਨੀਆਂ ਤੋ ਲਗਾਤਾਰ ਕਿਰਾਇਆ ਨਾ ਦਿਤਾ ਹੋਵੇ। ਜਾਂ ਫਿਰ ਕਿਰਾਏਦਾਰ ਇਮਾਰਤ ਦਾ ਦੁਰਉਪਯੋਗ ਕਰਦਾ ਹੋਵੇ ਯਾਨੀ ਇਹੋ ਜਿਹੀਆ ਚੀਜ਼ਾਂ ਜੋ ਕਾਨੂੰਨੀ ਤੋਰ ਤੇ ਗਲਤ ਹਨ ਤੇ ਮੁਲਕ ਵਿੱਚ ਬੈਨ ਹਨ। ਯਾ ਫਿਰ ਕੋਈ ਪੱਕੀ ਬਣਤਰ (ਸ਼ਟਰੁਚਟੁਰਏ) ਵਿੱਚ ਬਦਲਾਵ ਕਰਦਾ ਹੈ, ਮਾਲਕ ਤੋ ਪੁਛੇ ਬਿਨਾਂ। ਰਿਹਾਇਸ਼ੀ ਮਕਾਨ ਵਿੱਚ ਕਿਰਾਏਦਾਰ ਦੁਕਾਨ ਜਾਂ ਵਪਾਰ ਨਹੀ ਕਰ ਸਕਦਾ। ਪਰ ਮਾਲਕ ਕੋਈ ਵੀ ਜਰੂਰੀ ਸਪਲਾਈ ਜਿਵੇ ਬਿਜਲੀ , ਪਾਣੀ, ਗੈਸ, ਲਿਫਟ ਜਾਂ ਪਾਰਕਿੰਗ ਆਦਿ ਵਿੱਚ ਹਨੇਰਾ ਕਰਕੇ ਉਸ ਕਿਰਾਏਦਾਰ ਦੀ ਵਰਤੋ ਵਿੱਚ ਵਿਘਨ ਪਾਉਂਦਾ ਹੈ ਤਾਂ ਕਿਰਾਏਦਾਰ ਕਾਨੂੰਨ ਦੀ ਮਦਦ ਨਾਲ ਇਸ ਨੂੰ ਦੁਬਾਰਾ ਚਾਲੂ ਕਰਵਾ ਸਕਦਾ ਹੈ। ਜੇ ਮਾਲਕ ਇਹ ਕੰਮ ਕਰਦਾ ਹੈ ਤਾਂ ਅਥਾਰਟੀ ਉਸ ਨੂੰ ਦੋ ਮਹੀਨੇ ਦਾ ਕਿਰਾਇਆਂ ਜੁਰਮਾਨੇ ਵਜੋ ਲਾ ਸਕਦੀ ਹੈ। ਉਧਰ ਜੇ ਕਿਰਾਏਦਾਰ ਦੀ ਸ਼ਿਕਾਇਤ ਝੂਠੀ ਨਿਕਲਦੀ ਹੈ ਤਾਂ ਉਸ ਤੇ ਜੁਰਮਾਨੇ ਵਜੋ ਦੋ ਮਹੀਨੇ ਦਾ ਕਿਰਾਇਆ ਲਾਇਆ ਜਾ ਸਕਦਾ ਹੈ।

ਇਸ ਕਾਨੂੰਨ ਤਹਿਤ ਜੇ ਮਾਲਕ ਮਕਾਨ ਅਤੇ ਕਿਰਾਏਦਾਰ ਵਿੱਚ ਕਿਸੇ ਕਾਰਨ ਕੋਈ ਝਗੜਾ ਹੁੰਦਾ ਹੈ ਤਾਂ ਪਹਿਲੀ ਸ਼ਿਕਾਇਤ ਰੈਂਟ ਅਥਾਰਟੀ , ਉਸ ਤੋ ਬਾਅਦ ਰੈਂਟ ਕੋਰਟ ਫੇਰ ਟ੍ਰਿਬਿਊਨਲ ਕੋਲ ਜਾ ਸਦਕਾ ਹੈ। ਸ਼ਿਕਾਇਤ ਜਾਂ ਅਪੀਲ ਦਾ ਨਿਪਟਾਰਾ 60 ਦਿਨਾਂ ਵਿੱਚ ਕਰਨਾ ਲਾਜਮੀ ਹੈ। ਇਹ ਸਮਾਂ ਦੱਸੇਗਾ ਕਿ ਇਹ ਕੁਆਸੀ ਜੁਡੀਸ਼ਿਅਲ ਸੰਸਥਾਵਾਂ 60 ਦਿਨਾਂ ਵਿੱਚ ਸ਼ਿਕਾਇਤਾਂ ਦਾ ਨਿਵਾਰਨ ਕਰ ਸਕਦੀਆ ਹਨ ਜਾਂ ਨਹੀ।

ਕਾਫੀ ਹੱਦ ਤੱਕ ਇਹ ਇਕ ਚੰਗਾ ਕਦਮ ਹੈ ਪਰ ਹਜੇ ਵੀ ਇਸ ਵਿੱਚ ਹੋਰ ਤਬਦੀਲੀਆਂ ਦੀ ਲੋੜ ਹੈ ਲੋਕਾਂ ਦਾ ਵਿਸ਼ਵਾਸ ਬਣਾਉਣ ਲਈ ਖਾਸ ਕਰਕੇ ਜੇ ਮਕਾਨ ਮਾਲਕ ਬਿਨਾਂ ਕਾਰਣ ਵੀ ਮਕਾਨ ਖਾਲੀ ਕਰਵਾਉਣਾ ਚਾਹੁੰਦਾ ਹੋਵੇ ਤਾਂ ਦੋ ਮਹੀਨੇ ਦਾ ਨੋਟਿਸ ਦੇ ਕੇ ਕਰਵਾ ਸਕਦਾ ਹੋਵੇ। ਪਰ ਪਿਛਲੇ ਤੇ ਇਸ ਮਾਡਲ ਐਕਟ ਵਿੱਚ ਇੱਕ ਧਾਰਾ ਹੈ ਕਿ ਜੇ ਕਿਰਾਏਦਾਰ ਕੋਲ ਹੋਰ ਜਗ੍ਹਾਂ ਨਹੀ ਜਾਂ ਫਿਰ ਉਹ ਹੋਰ ਜਗ੍ਹਾਂ ਦਾ ਵਧਾ ਕੇ ਕਿਰਾਇਆ ਨਹੀ ਦੇ ਸਕਦਾ ਤਾਂ ਉਸ ਤੋ ਮਕਾਨ ਖਾਲੀ ਨਹੀ ਕਰਵਾਇਆ ਜਾ ਸਕਦਾ। ਇਸ ਧਾਰਾ ਦਾ ਢੁਕਵਾਂ ਹੱਲ ਲਭਣ ਦੀ ਜਰੂਰਤ ਹੈ।

ਇਹ ਕਾਨੂੰਨ ਇਸ ਗੱਲ ਤੇ ਵੀ ਚੁੱਪ ਹੈ ਕਿ ਜੇ ਕਿਸੇ ਕਾਰਨ ਕਿਰਾਏਦਾਰ ਦੀ ਨੌਕਰੀ ਚਲੀ ਗਈ ਜਾਂ ਪਰਿਵਾਰ ਦੇ ਕਮਾਊ ਬੰਦੇ ਦੀ ਮੌਤ ਹੋ ਗਈ। ਉਸ ਦੇ ਪਰਿਵਾਰ ਕੋਲ ਆਮਦਨ ਦਾ ਕੋਈ ਸਾਧਨ ਨਹੀ ਬਚਿਆ ਤਾਂ ਉਹਨਾਂ ਹਾਲਾਤਾ ਵਿੱਚ ਕੀ ਹੋਵੇਗਾ, ਕੀ ਮਾਲਕ ਮਕਾਨ ਨੂੰ ਸਰਕਾਰ ਕੰਪਨਸੇਟ ਕਰੇਗੀ, ਕਿਉਂਕਿ ਕਿਰਾਏਦਾਰ ਵਿਲਫੂਲ ਡਿਫਾਲਟਰ ਤਾਂ ਹੈ ਨਹੀ, ਕੁੱਲ ਮਿਲਾ ਕੇ ਸੂਬਾ ਸਰਕਾਰਾਂ ਨੂੰ ਇਸ ਕਾਨੂੰਨ ਨੂੰ ਹੋਰ ਸੋਧ ਕੇ ਅਪਣਾ ਲੈਣਾ ਚਾਹੀਦਾ ਹੈ ਤਾਂ ਕਿ ਪੇਸੇ ਵਾਲੇ ਰੀਅਲ ਇਸਟੇਟ ਵਿੱਚ ਨਿਵੇਸ਼ ਕਰਨ, ਉਹਨਾਂ ਨੂੰ ਆਮਦਨ ਹੋਵੇ ਤੇ ਝੁਗੀਆਂ ਵਾਲੇ ਭੀ ਘਰਾਂ ਵਿੱਚ ਰਹਿ ਸਕਣ ਅਤੇ ਦੇਸ਼ ਦੀ ਆਰਥਿਕਤਾ ਨੂੰ ਭੀ ਹੁਲਾਰਾ ਮਿਲੇ ।

ਡਾ. ਅਮਨਪ੍ਰੀਤ ਸਿੰਘ ਬਰਾੜ
96537-90000

# ਰਾਸ਼ਟਰਪਤੀ ਜੀ ਤੁਹਾਨੂੰ ਦੇਸ਼ ਦੇ ਅੰਨਦਾਤੇ ਦਿੱਲੀ ਦੇ ਚਾਰ ਚੁਫੇਰੇ ਬੈਠੇ ਨਜ਼ਰ ਕਿਉਂ ਨਹੀਂ ਆ ਰਹੇ



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
(7589155501

ਸਮੁੱਚੇ ਭਾਰਤ ਦੇ ਕਿਸਾਨਾਂ ਨੂੰ ਦਿੱਲੀ ਦੀਆਂ ਬਰੂਹਾਂ ਤੇ ਬੈਠਿਆਂ ਨੂੰ ਪੂਰੇ ਸੱਤ ਮਹੀਨੇ ਹੋ ਗਏ ਹਨ ।ਅਜੇ ਤੱਕ ਦੇਸ਼ ਦਾ ਪ੍ਰਧਾਨ ਮੰਤਰੀ ਆਪਣੀ ਜਿੱਦ ਉਤੇ ਅੜ੍ਹਿਆ ਬੈਠਾ ਹੈ। ਕਿਸਾਨ ਘਰ ਬਾਹਰ ਛੱਡ ਕੇ ਆਪਣੀਆਂ ਮੰਗਾਂ ਮੰਨਵਾਉਣ ਵਾਸਤੇ ਜੱਦੋ ਜਹਿਦ ਕਰ ਰਹੇ ਹਨ। ਸਰਕਾਰ ਦੇ ਬੋਲਿਆਂ ਕੰਨਾਂ ਵਿੱਚ ਆਵਾਜ਼ ਨਹੀਂ ਪੈ ਰਹੀ। ਅਖੀਰ ਸੰਯੁਕਤ ਕਿਸਾਨ ਮੋਰਚਾ ਤੁਹਾਨੂੰ ਪੱਤਰ ਰਾਹੀਂ ਦੱਸਣਾ ਚਾਹੁੰਦਾ ਹੈ ਕਿ ਸਾਡੀ ਗੱਲ ਕਿਉਂ ਨਹੀਂ ਸੁਣੀ ਜਾ ਰਹੀ ।ਜੋ ਕਾਲੇ ਕਨੂੰਨ ਸਾਡੇ ਉਤੇ ਥੋਪੇ ਗਏ ਹਨ ਉਹਨਾਂ ਨੂੰ ਰੱਦ ਕਿਉਂ ਨਹੀਂ ਕੀਤਾ ਜਾ ਰਿਹਾ । ਐਮਰਜੈਂਸੀ ਦਿਵਸ 'ਤੇ ਖੇਤੀਬਾੜੀ ਬਚਾਉਣ ਤੇ ਲੋਕਤੰਤਰ ਨੂੰ ਬਚਾਉਣ ਦੀ ਦੋਹਰੀ ਚੁਣੌਤੀ ਨੂੰ ਮੁੱਖ ਰੱਖਦੇ ਹੋਏ, ਹਰ ਸੂਬੇ ਤੋਂ ਇਹ ਰੋਸ ਪੱਤਰ ਤੁਹਾਡੇ ਤੱਕ ਪਹੁੰਚਾ ਰਹੇ ਹਨ । ਦੇਸ਼ ਸਾਨੂੰ ਅੰਨਦਾਤਾ ਕਹਿੰਦਾ ਹੈ । ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਅਸੀਂ 33 ਕਰੋੜ ਦੇਸ਼ਵਾਸੀਆਂ ਨੂੰ ਭੋਜਨ ਦਿੰਦੇ ਸੀ । ਅੱਜ ਅਸੀਂ ਉਨੀ ਹੀ ਜ਼ਮੀਨ ਦੀ ਮਦਦ ਨਾਲ 140 ਕਰੋੜ ਲੋਕਾਂ ਨੂੰ ਭੋਜਨ ਪ੍ਰਦਾਨ ਕਰਦੇ ਹਾਂ। ਕੋਰੋਨਾ ਮਹਾਂਮਾਰੀ ਦੇ ਦੌਰਾਨ ਜਦੋਂ ਦੇਸ਼ ਦੀ ਬਾਕੀ ਆਰਥਿਕਤਾ ਠੱਪ ਹੋ ਕੇ ਰਹਿ ਗਈ, ਤਾਂ ਵੀ ਅਸੀਂ ਰਿਕਾਰਡ ਤੋੜ ਉਤਪਾਦਨ ਕੀਤਾ ਪਰ ਇਸ ਦੀ ਬਜਾਏ, ਤੁਹਾਡੀ ਮੋਹਰ ਦੁਆਰਾ ਚਲਾਈ ਜਾਣ ਵਾਲੀ ਭਾਰਤ ਸਰਕਾਰ ਨੇ ਸਾਨੂੰ ਤਿੰਨ ਅਜਿਹੇ ਕਾਲੇ ਕਾਨੂੰਨ ਦਿੱਤੇ ਹਨ ਜੋ ਸਾਡੀਆਂ ਨਸਲਾਂ ਤੇ ਫ਼ਸਲਾਂ ਨੂੰ ਬਰਬਾਦ ਕਰ ਦੇਣਗੇ,ਉੱਪਰੋਂ ਪਰਾਲੀ ਸਾੜਨ ਦੀ ਸਜ਼ਾ ਤੇ ਬਿਜਲੀ ਐਕਟ ਦੇ ਖਰੜੇ ਦੀ ਤਲਵਾਰ ਵੀ ਸਾਡੇ ਸਿਰਾਂ 'ਤੇ ਟੰਗੀ ਹੋਈ ਹੈ । ਖੇਤੀਬਾੜੀ ਦੇ ਤਿੰਨੋਂ ਕਾਨੂੰਨ ਗ਼ੈਰ-ਸੰਵਿਧਾਨਕ ਹਨ ਕਿਉਂਕਿ ਕੇਂਦਰ ਸਰਕਾਰ ਨੂੰ ਖੇਤੀ ਬਾਜ਼ਾਰਾਂ ਸੰਬੰਧੀ ਕਾਨੂੰਨ ਬਣਾਉਣ ਦਾ ਅਧਿਕਾਰ ਨਹੀਂ ਹੈ । ਇਹ ਕਾਨੂੰਨ ਵੀ ਗ਼ੈਰ-ਲੋਕਤੰਤਰੀ ਹਨ । ਕਾਨੂੰਨ ਬਣਾਉਣ ਤੋਂ ਪਹਿਲਾਂ ਕਿਸਾਨਾਂ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਹੋਇਆ, ਚੋਰ ਦਰਵਾਜ਼ੇ ਰਾਹੀਂ ਆਰਡੀਨੈਂਸ ਜ਼ਰੀਏ ਲਾਗੂ ਕੀਤੇ ਗਏ, ਸੰਸਦੀ ਕਮੇਟੀਆਂ 'ਚ ਭੇਜ ਕੇ ਲੋੜੀਂਦੀ ਚਰਚਾ ਨਹੀਂ ਕੀਤੀ ਗਈ, ਕਨੂੰਨ ਪਾਸ ਕਰਦਿਆਂ ਰਾਜ ਸਭਾ 'ਚ ਵੋਟਿੰਗ ਵੀ ਨਹੀਂ ਕਰਵਾਈ ਗਈ । ਅਸੀਂ ਆਸ ਕੀਤੀ ਸੀ ਕਿ ਸੰਵਿਧਾਨ ਦੇ ਪਹਿਲੇ ਸਿਪਾਹੀ ਹੋਣ ਦੇ ਨਾਤੇ ਤੁਸੀਂ ਅਜਿਹੇ ਗ਼ੈਰ-ਸੰਵਿਧਾਨਕ, ਗ਼ੈਰ-ਲੋਕਤੰਤਰਿਕ ਤੇ ਕਿਸਾਨ ਵਿਰੋਧੀ ਕਾਨੂੰਨਾਂ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦੇਵੋਗੇ ਪਰ ਤੁਸੀਂ ਅਜਿਹਾ ਨਹੀਂ ਕੀਤਾ ।

ਅਸੀਂ ਸਿਰਫ਼ ਇਹ ਮੰਗ ਰੱਖੀ ਹੈ ਕਿ ਕਿਸਾਨਾਂ ਨੂੰ ਸਵਾਮੀਨਾਥਨ ਕਮਿਸ਼ਨ ਦੇ ਫ਼ਾਰਮੂਲੇ (ਸੀ 2 + 50%) ਦੇ ਅਨੁਸਾਰ ਘੱਟੋ ਘੱਟ ਸਮਰਥਨ ਮੁੱਲ 'ਤੇ ਆਪਣੀ ਪੂਰੀ ਫ਼ਸਲ ਦੀ ਖ਼ਰੀਦ ਦੀ ਗਰੰਟੀ ਮਿਲਣੀ ਚਾਹੀਦੀ ਹੈ । ਇਸ 'ਤੇ ਆਪਣਾ ਵਾਅਦਾ ਪੂਰਾ ਕਰਨ ਦੀ ਬਜਾਏ, ਸਰਕਾਰ ਨੇ ਤੁਹਾਡੇ ਭਾਸ਼ਣ 'ਚ ਦੁੱਗਣੀ ਆਮਦਨ ਕਰਨ ਵਰਗੇ ਝੂਠੇ ਬਿਆਨ ਦੇ ਕੇ ਤੁਹਾਡੇ ਰੁਤਬੇ ਦੀ ਮਹਿਮਾ ਨੂੰ ਨੀਵਾਂ ਦਿਖਾਇਆ ਹੈ । ਪਿਛਲੇ ਸੱਤ ਮਹੀਨਿਆਂ ਤੋਂ ਕਿਸਾਨੀ ਅੰਦੋਲਨ 'ਚ ਸਾਡੇ 500 ਤੋਂ ਵੱਧ ਸਾਥੀ ਜਾਨ ਗਵਾ ਚੁੱਕੇ ਹਨ, ਤੁਸੀਂ ਜ਼ਰੂਰ ਵੇਖਿਆ ਤੇ ਸੁਣਿਆ ਹੋਵੇਗਾ ਪਰ ਤੁਸੀਂ ਚੁੱਪ ਰਹੇ । ਪਿਛਲੇ ਸੱਤ ਮਹੀਨਿਆਂ 'ਚ ਜੋ ਕੁਝ ਅਸੀਂ ਵੇਖਿਆ ਹੈ ਉਹ 46 ਸਾਲ ਪਹਿਲਾਂ ਲਗਾਈ ਐਮਰਜੈਂਸੀ ਦੀ ਯਾਦ ਦਿਵਾਉਂਦਾ ਹੈ । ਐਮਰਜੈਂਸੀ ਦਾ ਐਲਾਨ ਕੀਤੇ ਬਿਨਾਂ ਹੀ ਹਰ ਦਿਨ ਜਮਹੂਰੀਅਤ ਦਾ ਘਾਣ ਕੀਤਾ ਜਾ ਰਿਹਾ ਹੈ, ਅਜਿਹੀ ਹਾਲਤ 'ਚ ਸੰਵਿਧਾਨਕ ਪ੍ਰਣਾਲੀ ਦੇ ਮੁਖੀ ਵਜੋਂ ਤੁਹਾਡੀ ਸਭ ਤੋਂ ਵੱਡੀ ਜ਼ੰਮਿਵਾਰੀ ਬਣ ਜਾਂਦੀ ਹੈ । ਇਸ ਪੱਤਰ ਰਾਹੀਂ ਅਸੀਂ ਦੇਸ਼ ਦੇ ਕਰੋੜਾਂ ਕਿਸਾਨ ਪਰਿਵਾਰਾਂ ਦੇ ਰੋਸ ਨੂੰ ਪਰਿਵਾਰ ਦੇ ਮੁਖੀ ਕੋਲ ਪਹੁੰਚਾਉਣਾ ਚਾਹੁੰਦੇ ਹਾਂ । ਅਸੀਂ ਆਸ ਕਰਦੇ ਹਾਂ ਕਿ ਤੁਸੀਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਇਨ੍ਹਾਂ ਹੱਕੀ ਮੰਗਾਂ ਨੂੰ ਤੁਰੰਤ ਮੰਨਣ, ਤਿੰਨੋਂ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਨ ਤੇ ਐਮ।ਐਸ।ਪੀ। 'ਤੇ ਖ਼ਰੀਦ ਦੀ ਕਾਨੂੰਨੀ ਗਰੰਟੀ ਦੇਣ ਦੀ ਹਦਾਇਤ ਕਰੋਗੇ । ਸਾਨੂੰ ਉਮੀਦ ਹੈ ਕਿ ਸਾਨੂੰ ਇਸ ਮੁਹਿੰਮ 'ਚ ਤੁਹਾਡੀ ਪੂਰੀ ਹਮਾਇਤ ਮਿਲੇਗੀ, ਕਿਉਂਕਿ ਤੁਸੀਂ ਸਰਕਾਰ ਨੂੰ ਨਹੀਂ, ਬਲਕਿ ਸੰਵਿਧਾਨ ਨੂੰ ਬਚਾਉਣ ਦੀ ਸਹੁੰ ਖਾਧੀ ਹੋਈ ਹੈ ।ਤੁਸੀਂ ਪਾਰਟੀ ਤੋਂ ਉਤੇ ਉੱਠ ਕੇ ਆਪਣੇ ਫਰਜ਼ ਜ਼ਰੂਰ ਪਛਾਣੋ ।ਦੇਸ਼ ਦਾ ਹਰ ਇਕ ਨਾਗਰਿਕ ਤੁਹਾਡੇ ਤੋਂ ਇਹ ਆਸ ਰੱਖਦਾ ਹੈ ਕਿ ਤੁਸੀਂ ਕਦੇ ਕੋਈ ਗਲਤ ਫੈਸਲਾ ਨਹੀਂ ਹੋ ਦਿਉਗੇ ।

# ਕਵਿਤਾ

## ਕੋਰੜਾ ਛੰਦ

ਜਦੋਂ ਰਣ ਤੱਤੇ ਚ ਘੁੱਲਣ ਗੱਭਰੂ,
ਸੋਨੇ ਦੇ ਬਰਾਬਰ ਤੁੱਲਣ ਗੱਭਰੂ,
ਮਾਰ ਕੇ ਪੱਟਾਂ ਤੇ ਹੱਥ ਢਾਹੁਣ ਮਿੱਤਰੋ,
ਖਾਧੀਆਂ ਖੁਰਾਕਾਂ ਕੰਮ ਆਉਣ ਮਿੱਤਰੋ।

ਤਿਲਕੇ ਪਿੰਡੇ ਦੇ ਉੱਤੇ ਬੈਠੀ ਮੱਖ ਜੀ,
ਦੇਖਣ ਵਾਲੇ ਨਾ ਫਰਕਾਉਣ ਅੱਖ ਜੀ,
ਢੋਲੀ ਆਕੇ ਢੋਲ ਡਗਾ ਲਾਉਣ ਮਿੱਤਰੋ,
ਖਾਧੀਆਂ ਖੁਰਾਕਾਂ ਕੰਮ ਆਉਣ ਮਿੱਤਰੋ।

ਖੇਡਾਂ ਨਾਲ ਹੁੰਦੀ ਯਾਰੀ ਚੰਗੀ ਗੱਲ ਬਈ,
ਕਦੇ ਨਾ ਬਿਮਾਰ ਪੈਂਦੇ ਹੁੰਦੇ ਮੱਲ ਬਈ।
ਨਾ ਹੀ ਮਨੋਰੋਗ ਨੇੜੇ ਆਉਣ ਮਿੱਤਰੋ,
ਖਾਧੀਆਂ ਖੁਰਾਕਾਂ ਕੰਮ ਆਉਣ ਮਿੱਤਰੋ।

ਵਿਰਸਾ ਪੁਰਾਣਾ ਨਹੀਂ ਭੁਲਾਣਾ ਚਾਹੀਦਾ,
ਬੱਚਿਆਂ ਨੂੰ ਖੇਡਾਂ ਵੱਲ ਲਾਉਣਾ ਚਾਹੀਦਾ,
ਖੇਡ ਖੇਡ ਨਾਮ ਚਮਕਾਉਣ ਮਿੱਤਰੋ,
ਖਾਧੀਆਂ ਖੁਰਾਕਾਂ ਕੰਮ ਆਉਣ ਮਿੱਤਰੋ।

ਨਸ਼ਿਆਂ ਚ ਗਲਤਾਨ ਪੀੜ੍ਹੀ ਅੱਜ ਦੀ,
ਖੇਡਣਾ ਮੋਬਾਈਲ ਤੇ ਨਾ ਗੱਲ ਚੱਜ ਦੀ,
ਗੁਰੂ ਪੀਰ ਇਹੋ ਸਮਝਾਉਣ ਮਿੱਤਰੋ,
ਖਾਧੀਆਂ ਖੁਰਾਕਾਂ ਕੰਮ ਆਉਣ ਮਿੱਤਰੋ।

ਰਾਜਨਦੀਪ ਕੌਰ ਮਾਨ
6239326166

# ਸਿੱਖਿਅਕ ਅਦਾਰਿਆਂ ਅੰਦਰ ਯੋਗ ਆਸਣ ਨੂੰ ਚੋਣਵੇ ਵਿਸ਼ੇ ਵਜੋਂ ਲਾਗੂ ਕਰੇ ਸਰਕਾਰ



ਰਾਜਿੰਦਰ ਸਿੰਘ ਰਾਜਨ ਪਠਾਨਕੋਟ

## ਕੀ ਸਰਕਾਰ ਯੋਗ ਵਿਸ਼ੇ ਸਬੰਧੀ ਪਹਿਲ ਦੇ ਆਧਾਰ ਤੇ ਢੁਕਵੇਂ ਕਦਮ ਚੁੱਕੇਗੀ !!

ਯੋਗ ਆਸਣ ਭਾਰਤੀ ਕਸਰਤ ਦੀ ਇਕ ਪੁਰਾਣੀ ਵਿਧੀ ਹੈ ਇਹ ਵਿਧੀ ਸਰੀਰਕ ਬਨਾਵਟ ਦੇ ਅਨੁਕੂਲ ਹੈ ਅਤੇ ਪੂਰੇ ਤੌਰ ਤੇ ਵਿਗਿਆਨਕ ਹੈ। ਦੇਸ਼-ਵਿਦੇਸ਼ ਦੇ ਡਾਕਟਰਾਂ ਅਤੇ ਸਰੀਰਕ ਸਿੱਖਿਆ ਦੇ ਅਧਿਆਪਕਾਂ ਨੇ ਇਸ ਦੀ ਸ਼ਲਾਘਾ ਕੀਤੀ ਹੈ। ਵਿਦੇਸ਼ਾ ਵਿਚ ਇਹ ਕਸਰਤ ਵਿਧੀ ਬਹੁਤ ਹੀ ਹਰਮਨ ਪਿਆਰੀ ਤੇ ਪ੍ਰਚੱਲਿਤ ਹੋ ਗਈ ਹੈ ਅਤੇ ਦਿਨੋ-ਦਿਨ ਇਸ ਦਾ ਪ੍ਰਚਾਰ ਤੇ ਪ੍ਰਸਾਰ ਵਧ ਰਿਹਾ ਹੈ।

ਅਸਲ ਵਿੱਚ ਯੋਗ ਆਸਣ ਪ੍ਰਚੀਨ ਸਮੇਂ ਤੋਂ ਹੋਂਦ ਵਿਚ ਆਇਆ। ਪਹਿਲੇ ਪਹਿਲ ਇਹ ਆਸਣ ਕੇਵਲ ਯੋਗੀ ਹੀ ਕਰਿਆ ਕਰਦੇ ਸਨ ਪ੍ਰੰਤੂ ਬਦਲਦੇ ਸਮੇਂ ਦੀ ਰਫ਼ਤਾਰ ਨੇ ਆਖਿਰ ਸਾਬਤ ਕਰ ਦਿਤਾ ਕਿ ਅੱਜ ਯੋਗ ਆਸਣ ਕੇਵਲ ਯੋਗੀਆ ਲਈ ਹੀ ਨਹੀਂ ਬਲਕਿ ਸਧਾਰਨ ਲੋਕ ਵੀ ਯੋਗ ਆਸਣਾ ਰਾਹੀਂ ਸਿਹਤਮੰਦ ਸੁੰਦਰ ਅਤੇ ਤਾਕਤਵਰ ਬਣ ਸਕਦੇ ਹਨ।

ਯੋਗ ਸੰਸਕ੍ਰਿਤੀ ਦੇ ਸ਼ਬਦ 'ਯੁਜ' ਤੋਂ ਲਿਆ ਹੈ ਜਿਸ ਦਾ ਅਰਥ ਹੈ ਬੈਠਣਾ, ਜੋੜਨਾ, ਨਾਲ ਲਾਉਣਾ, ਆਪਣਾ ਧਿਆਨ ਇਕਾਗਰ ਕਰਨਾ ਅਤੇ ਨਿਰਦੇਸ਼ ਦੇਣਾ। ਇਸ ਤੋਂ ਇਲਾਵਾ ਏਕਤਾ ਅਤੇ ਸੰਗਤ ਵੀ ਇਸ ਦਾ ਭਾਵ ਦੱਸਿਆ ਜਾਂਦਾ ਹੈ। ਯੋਗ







ਆਸਣਾ ਨੂੰ ਅਸੀਂ ਸਰੀਰ ਦੇ ਮਨ ਦਾ ਸੰਜੋਗ ਕਹਿ ਸਕਦੇ ਹਾਂ। ਰੋਗ ਮਨੁੱਖ ਦੇ ਗੁਣਾ-ਤਾਕਤਾਂ ਜਾਂ ਸ਼ਕਤੀਆਂ ਦਾ ਆਪਸ ਵਿਚ ਮਿਲਣਾ ਹੈ। ਯੋਗ ਇਕ ਤਰੀਕਾ ਹੈ ਜਿਸ ਰਾਹੀਂ ਮਨੁੱਖ ਦੀਆਂ ਗੁੱਝੀਆਂ ਤਾਕਤਾਂ ਦਾ ਵਿਕਾਸ ਕੀਤਾ ਜਾਂਦਾ ਹੈ। ਯੋਗ ਧਰਮ ਦਰਸ਼ਨ ਮਨੋ ਵਿਗਿਆਨਿਕ ਅਤੇ ਸਰੀਰਕ ਸੱਭਿਅਤਾ ਦਾ ਇਕੱਠ ਹੈ। ਯੋਗ ਪ੍ਰਣਾਲੀ ਰਾਹੀ ਆਦਮੀ ਨੂੰ ਪੂਰਨ ਸਵੈ ਭਰੋਸਾ ਪ੍ਰਾਪਤ ਹੁੰਦਾ ਹੈ। ਯੋਗ ਦਾ ਮੰਤਵ ਸ਼ਰੀਰ ਨੂੰ ਲਚਕਦਾਰ, ਆਰੋਗ, ਜੋਸ਼ੀਲਾ ਤੇ ਜ਼ਿੰਦਗੀ ਦੀਆਂ ਆਮ ਜਰੂਰਤਾਂ ਤੋਂ ਜ਼ਿਆਦਾ ਸਿਹਤਮੰਦ ਰਖਣਾ ਹੈ। ਸਰੀਰ ਦੀ ਤੰਦਰੁਸਤੀ ਉਸ ਦੇ ਸਰੀਰ ਨੂੰ ਨਰੋਆ ਰੱਖਣ ਲਈ ਯੋਗ ਰਾਹੀ ਤਰੀਕਾ ਪਤੰਜਲੀ ਰਿਸ਼ੀ ਨੇ ਦੱਸਿਆ ਹੈ ਕੇ ਉਸ ਨੂੰ ਅਸਟਮ ਯੋਗ ਕਿਹਾ ਜਾਂਦਾ ਹੈ ਜਿਸ ਦੇ 8 ਅੰਗ ਦੱਸੇ ਗਏ ਹਨ ਜੋ ਯਗ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਹਾਰ, ਧਰਨਾ, ਧਿਆਨ ਅਤੇ ਸਮਾਧੀ ਵਰਨਣਯੋਗ ਹਨ।

ਯੋਗ: ਅਨੁਸਾਸ਼ਨ ਦੇ ਉਹ ਸਾਧਨ ਹਨ ਜੋ ਮਨੁੱਖ ਦੇ ਮਨਾ ਪ੍ਰਤੀ ਸਬੰਧ ਰੱਖਦੇ ਹਨ

ਨਿਯਮ: ਉਹ ਢੰਗ ਜੋ ਮਨੁਖ ਦੇ ਸਰੀਰਕ ਅਨੁਸ਼ਾਸਨ ਨਾਲ ਸਬੰਧਤ ਹਨ।

ਆਸਣ: ਮਨੁੱਖੀ ਸਰੀਰ ਨੂੰ ਵੱਧ ਤੋਂ ਵੱਧ ਇੱਕ ਖਾਸ ਸਥਿਤੀ ਵਿਚ ਰੱਖਣ।

ਪ੍ਰਾਣਾਯਾਮ: ਇਕ ਸਥਿਰ ਜਗ੍ਹਾ ਤੇ ਬੈਠ ਕੇ ਕਿਸੇ ਖਾਸ ਵਿਧੀ ਰਾਹੀਂ ਸਾਹ ਨੂੰ ਬਾਹਰ ਕੱਢਣਾ ਅਤੇ ਅੰਦਰ ਰੁਝਾਣ ਦੀ ਕਿਰਿਆ ਹੈ ਪ੍ਰਣਯਾਮ।

ਪ੍ਰਤੀਹਾਰ: ਇਸ ਦਾ ਭਾਵ ਹੈ ਕਿ ਹੈ ਮਨ ਅਤੇ ਇੰਦਰੀਆਂ ਨੂੰ ਉਨ੍ਹਾਂ ਦੇ ਸੰਬੰਧਕ ਕਿਰਿਆ ਦੇ ਹਟਾਓ, ਪ੍ਰਮਾਤਮਾ ਵੱਲ ਲਗਾਉਣਾ ਹੈ।

ਧਾਰਨਾ: ਇਸ ਦਾ ਅਰਥ ਮਨ ਨੂੰ ਕਿਸੇ ਖਾਸ ਇਛਕ ਵਿਸ਼ੇ ਤੇ ਲਗਾਣਾ ਹੈ।

ਧਿਆਨ: ਇਸ ਵਿੱਚ ਮਨ ਦੁਨੀਆ ਦੀ ਭਟਕਣ ਤੋਂ ਉਪਰ ਉਠ ਜਾਂਦਾ ਹੈ ਅਤੇ ਆਪਣੇ ਆਪ ਵਿੱਚ ਅੰਤਰ ਧਿਆਨ ਹੋ ਜਾਂਦਾ ਹੈ।

ਸਮਾਧੀ: ਸਮਾਧੀ ਵੇਲੇ ਮਨੁੱਖ ਦੀ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਜਾਂਦੀ ਹੈ।

ਯੋਗ ਦੇ ਚਾਰ ਅੰਗ - ਯਗ,ਨਿਜ਼ਮ, ਆਸਣ, ਪ੍ਰਾਣਾਯਾਮ ਦਾ ਦੁਨਿਆਵੀ ਲੋਕ ਅਭਿਆਸ ਕਰ ਸਕਦੇ ਹਨ ਪ੍ਰੰਤੂ ਪ੍ਰਤੀਹਾਰ ਧਾਰਨਾ, ਧਿਆਨ ਅਤੇ ਸਮਾਧੀ ਦਾ ਅਭਿਆਸ ਜੋਗੀ, ਰਿਸ਼ੀ - ਮੁਨੀ ਕਰ ਸਕਦੇ ਹਨ।

ਵਜਰਾ ਆਸਣ, ਪਦਮ ਆਸਣ, ਮੁਰਦਾ ਆਸਣ (ਸਵ ਆਸਣ), ਭੁਜੰਗ ਆਸਣ, ਅਰਧ ਮਤਸਯੈਂਦਰ ਆਸਣ, ਧਨੁਰ ਆਸਣ, ਚੱਕਰ ਆਸਣ, ਸਰਵਾਂਗ ਆਸਣ, ਪਸਚਿਮੋਤਾਨ ਆਸਣ, ਉਸ਼ਤਰਾ ਆਸਣ, ਮਕਰ ਆਸਣ, ਵਜਰ ਆਸਣ, ਸੁੱਖ ਆਸਣ, ਸਿੱਧ ਆਸਣ ਆਦਿ ਆਮ ਲੋਕਾਂ ਵਿੱਚ ਪ੍ਰਚੱਲਿਤ ਹਨ ਜਿਨ੍ਹਾਂ ਨੂੰ ਬੱਚੇ ਅਤੇ ਨੌਜਵਾਨ ਆਸਾਨੀ ਨਾਲ ਕਰ ਸਕਦੇ ਹਨ ਇਹਨਾਂ ਸਾਰੇ ਆਸਨਾਂ ਨਾਲ ਵਧੀਆ ਸਿਹਤ ਅਤੇ ਸਰੀਰ ਦਾ ਚੰਹੁਪੱਖੀ ਵਿਕਾਸ ਤਾਂ ਹੁੰਦਾ ਹੀ ਹੈ ਦੂਸਰਾ ਸਰੀਰ ਲਚਕੀਲਾ ਅਤੇ ਮਾਨਸਿਕ ਸ਼ਕਤੀ ਨੂੰ ਵਧਾਉਂਦਾ ਹੈ, ਮਨੁੱਖ ਦੀਆ ਬਿਰਤੀਆਂ ਅਤੇ ਇੰਦਰਿਆਂ ਨੂੰ ਸਾਂਤ ਰੱਖਦੇ ਹਨ। ਇਸ ਤੋਂ ਇਲਾਵਾ ਇਹ ਆਸਣ ਪੇਟ ਦੀਆਂ ਅਨੇਕਾਂ ਬਿਮਾਰੀਆਂ ਨੂੰ ਦੂਰ ਕਰਦੇ ਹਨ ਓਥੇ ਕਬਜ਼, ਸ਼ੱਕਰ ਰੋਗ, ਪੇਟ ਵਿੱਚ ਗੈਸ ਸਮੱਸਿਆ ਦੀ ਪ੍ਰਕਿਰਿਆ ਨੂੰ ਸਹੀ ਰੱਖਦੇ ਹਨ ਅਤੇ ਦਿਲ ਦੇ ਰੋਗਾਂ, ਸਰੀਰਕ ਤਣਾਅ ਨੂੰ ਦੂਰ ਕਰਦੇ ਹਨ।

ਹਰ ਖਿਡਾਰੀ ਅਗਰ ਬਾਸਕਟਬਾਲ, ਵਾਲੀਬਾਲ, ਜਿਮਨਾ-ਸਟਿਕ, ਖੋਹ-ਖੋਹ, ਹਾਕੀ, ਫੁੱਟਬਾਲ, ਟੇਬਲ ਟੈਨਿਸ, ਐਥਲੈਟਿਕਸ ਆਦਿ ਕਿਸੇ ਵੀ ਖੇਡ ਪ੍ਰੈਕਟਿਸ ਤੋਂ ਬਾਅਦ ਯੋਗ ਆਸਣ ਕਰੇ ਤਾਂ ਯਕੀਨਨ ਥੱਕਿਆ ਟੁੱਟਿਆ ਸਰੀਰ ਰਿਲੈਕਸ ਹੋਵੇਗਾ।

ਆਖ਼ਰ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਯੋਗ ਵਿਗਿਆਨ ਦੀ ਉਹ ਬੂੰਦਾ ਹੈ ਜਿਸ ਦੀ ਇਕ ਬੂੰਦ ਵਿਚ ਰੋਗ ਮਿਟਾਉਣ ਦੀ ਸਮਰੱਥਾ ਮੌਜੂਦ ਹੈ ਅਤੇ ਤੁਹਾਡੀਆਂ ਚਿੰਤਾਵਾਂ, ਘਬਰਾਹਟ, ਪ੍ਰੇਸਾਨੀਆ ਸਭ ਦਾ ਪੂਰਨ ਇਲਾਜ ਹੈ ਯੋਗ ਸਾਧਨਾ।

ਭਾਵੇਂ ਸਰਕਾਰ ਹਰ ਸਾਲ ਅੰਤਰਰਾਸ਼ਟਰੀ ਯੋਗ ਦਿਵਸ ਮਨਾਕੇ ਖਾਨਾ ਪੂਰਤੀ ਕਰ ਲੈਂਦੀ ਹੈ ਪ੍ਰੰਤੂ ਦੁੱਖ ਦੀ ਗੱਲ ਇਹ ਹੈ ਕਿ ਅਜੇ ਤੱਕ ਸਰਕਾਰ ਨੇ ਯੋਗ ਦੀ ਮਹੱਤਤਾ ਨੂੰ ਦੇਖਦਿਆ ਸਿੱਖਿਅਕ ਅਦਾਰਿਆਂ ਅੰਦਰ ਯੋਗ ਆਸਣ ਨੂੰ ਚੋਣਵੇ ਵਿਸ਼ੇ ਵਜੋਂ ਲਾਗੂ ਨਹੀਂ ਕੀਤਾ। ਕੀ ਸਰਕਾਰ ਇਸ ਪਾਸੇ ਪਹਿਲ ਦੇ ਆਧਾਰ ਤੇ ਢੁਕਵੇਂ ਕਦਮ ਚੁੱਕੇਗੀ ------!

ਲੇਖ਼ਕ: ਰਾਜਿੰਦਰ ਸਿੰਘ ਰਾਜਨ ਪਠਾਨਕੋਟ
ਮੋਬਾਈਲ ਫੋਨ ਨੰਬਰ
9417427656

# ਕਿਸਾਨਾਂ ਨੇ ਮੁਨੀਸ਼ ਤਿਵਾੜੀ ਨੂੰ ਕਾਲੇ ਝੰਡੇ ਦਿਖਾਏ, ਵਿਧਾਇਕ ਅੰਗਦ ਸਿੰਘ ਦਾ ਘਿਰਾਓ



ਨਵਾਂ ਸ਼ਹਿਰ, 29 ਜੂਨ (ਪੋਸਟ ਬਿਊਰੋ)- ਕਿਰਤੀ ਕਿਸਾਨ ਯੂਨੀਅਨ ਨੇ ਆਨੰਦਪੁਰ ਸਾਹਿਬ ਤੋਂ ਕਾਂਗਰਸੀ ਪਾਰਲੀਮੈਂਟ ਮੈਂਬਰ ਮੁਨੀਸ਼ ਤਿਵਾੜੀ ਦਾ ਨਵਾਂ ਸ਼ਹਿਰ ਪੁੱਜਣ ਉੱਤੇਕੱਲ੍ਹ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ।

ਮਿਲੀ ਜਾਣਕਾਰੀ ਅਨੁਸਾਰ ਮੁਨੀਸ਼ ਤਿਵਾੜੀ ਕੱਲ੍ਹ ਸਿਵਲ ਹਸਪਤਾਲ ਨਵਾਂ ਸ਼ਹਿਰ ਵਿੱਚ ਆਕਸੀਜਨ ਪਲਾਂਟ ਦਾ ਉਦਘਾਟਨ ਕਰਨ ਲਈ ਪੁੱਜੇ ਤਾਂਕਿਸਾਨਾਂ ਨੂੰ ਉਨ੍ਹਾ ਦੇ ਇੱਥੇ ਪੁੱਜਣ ਦਾ ਪਤਾ ਲੱਗਦੇ ਸਾਰਕਿਰਤੀ ਕਿਸਾਨ ਯੂਨੀਅਨ ਦੇ ਵਰਕਰ ਝੰਡੇ ਲੈ ਕੇ ਸਿਵਲ ਹਸਪਤਾਲ ਵੱਲ ਚੱਲ ਪਏ, ਜਿਨ੍ਹਾਂ ਨੂੰ ਪੁਲਸ ਨੇ ਰਾਹ ਵਿੱਚ ਬੈਰੀਕੇਡ ਲਾ ਕੇ ਰੋਕਿਆ।ਇੱਥੇ ਬੈਰੀਕੇਡ ਹਟਾਉਣ ਲਈ ਕਿਸਾਨਾਂ ਤੇ ਪੁਲਸ ਵਿੱਚ ਖਿੱਚੋਤਾਣ ਹੋਈ, ਪਰ ਪੁਲਸ ਨੇ ਕਿਸਾਨਾਂ ਨੂੰ ਅੱਗੇ ਨਹੀਂ ਜਾਣ ਦਿੱਤਾ। ਕਰੀਬ ਡੇਢ ਘੰਟਾ ਕਿਸਾਨ ਮੁਨੀਸ਼ ਤਿਵਾੜੀ ਦੇ ਖਿਲਾਫ ਨਾਅਰੇਬਾਜ਼ੀ ਕਰਦੇ ਰਹੇ ਤੇ ਹਲਕਾ ਵਿਧਾਇਕ ਅੰਗਦ ਸਿੰਘ ਨੂੰ ਘੇਰ ਕੇ ਵੀ ਕਿਸਾਨਾਂ ਨੇ ਨਾਅਰੇਬਾਜ਼ੀ ਕੀਤੀ।ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਕਾਂਗਰਸ ਦੀ ਡਾ: ਮਨਮੋਹਨ ਸਿੰਘ ਦੀ ਸਰਕਾਰ 1990 ਵਿੱਚ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਲਿਆਈ ਸੀ, ਜਿਨ੍ਹਾਂ ਨੂੰ ਮੋਦੀ ਸਰਕਾਰ ਅੱਗੇ ਤੋਰ ਰਹੀ ਹੈ। ਕਿਸਾਨ ਸੱਤ ਮਹੀਨਿਆਂ ਤੋਂ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਅਤੇ ਐਮ ਐਸ ਪੀ (ਘੱਟੋ-ਘੱਟ ਖਰੀਦ ਕੀਮਤ) ਦੀ ਕਾਨੂੰਨੀ ਗਾਰੰਟੀ ਦੀ ਮੰਗ ਲਈ ਦਿੱਲੀ ਦੀਆਂ ਹੱਦਾਂ ਉਤੇ ਬੈਠੇ ਹਨ ਅਤੇ 500 ਤੋਂ ਵੱਧ ਕਿਸਾਨ ਇਸ ਘੋਲ ਵਿੱਚ ਜਾਨਾਂ ਦੇ ਚੁੱਕੇ ਹਨ, ਪਰ ਕਾਂਗਰਸ, ਭਾਜਪਾ, ਆਪ ਅਤੇ ਅਕਾਲੀ ਦਲ 2022 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਿੱਚ ਰੁੱਝੀਆਂ ਹੋਈਆਂ ਹਨ। ਕਿਸਾਨਾਂ ਵੱਲੋਂ ਮੁੱਖ ਮਾਰਗ ਖਾਲੀ ਕਰਨ ਉੱਤੇ ਤਿਵਾੜੀ ਤੇ ਹਲਕਾ ਵਿਧਾਇਕ ਗੱਡੀਆਂ ਵਿੱਚ ਬੈਠ ਕੇ ਪਿੰਡ ਜੇਠੂਮਾਜਰਾ ਵਾਲੇ ਰਸਤਿਓਂ ਨਵਾਂ ਸ਼ਹਿਰ ਵੱਲ ਚਲੇ ਗਏ।

ਬੀਬੀ ਜਗੀਰ ਕੌਰ ਨੇ ਕਿਹਾ:

# ਖਾਲਸਾ ਕਾਲਜ ਟਰੱਸਟ ਦੀ ਜ਼ਮੀਨ ਉਤੇ ਕਬਜ਼ਾ ਨਹੀਂ ਹੋਣ ਦੇਵਾਂਗੇ

ਪਟਿਆਲਾ, 29 ਜੂਨ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਤਿੱਖੇ ਸੁਰ ਵਿੱਚ ਆਖਿਆ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਆਪਣੇ ਜ਼ਿਲ੍ਹੇ ਵਿੱਚ ਪੰਥਕ ਜਾਇਦਾਦ ਸੁਰੱਖਿਅਤ ਨਹੀਂ ਤਾਂ ਗਰੀਬਾਂ ਦੀ ਜਾਇਦਾਦ ਕਿਵੇਂ ਸੁਰੱਖਿਅਤ ਹੋ ਸਕਦੀ ਹੈ?

ਕੱਲ੍ਹ ਖਾਲਸਾ ਕਾਲਜ ਟਰੱਸਟ ਦੀ ਚਰਚਿਤ ਜ਼ਮੀਨ ਦਾ ਦੌਰਾ ਕਰਨ ਮਗਰੋਂ ਮਾਤਾ ਸਾਹਿਬ ਕੌਰ ਖਾਲਸਾ ਗਰਲਜ਼ ਕਾਲਜ ਆਫ ਐਜੂਕੇਸ਼ਨ ਧੱਮੋਮਾਜਰਾ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਬੀਬੀ ਜਗੀਰ ਕੌਰ ਨੇ ਚਿਤਾਵਨੀ ਦਿੱਤੀ ਕਿ ਟਰੱਸਟ ਦੀ ਜ਼ਮੀਨ ਕੌਮ ਦੀ ਵਿਰਾਸਤ ਹੈ, ਸ਼੍ਰੋਮਣੀ ਕਮੇਟੀ ਇਸ ਉੱਤੇ ਭੂ ਮਾਫੀਆ ਦਾ ਕਬਜ਼ਾ ਨਹੀਂ ਹੋਣ ਦੇਵੇਗੀ। ਉਨ੍ਹਾ ਕਿਹਾ ਕਿ ਉਨ੍ਹਾਂ ਇਸ ਮਾਮਲੇ ਵਿੱਚ ਕੱਲ੍ਹ ਮੁੱਖ ਮੰਤਰੀ ਦੀ ਪਤਨੀ ਤੇ ਪਾਰਲੀਮੈਂਟ



ਮੈਂਬਰ ਪਰਨੀਤ ਕੌਰ ਨਾਲ ਫੋਨ ਉੱਤੇ ਗੱਲ ਕਰ ਕੇ ਅਪੀਲ ਕੀਤੀਸੀ ਕਿ ਪੁਲਸ ਪ੍ਰਸ਼ਾਸਨ ਸ਼੍ਰੋਮਣੀ ਕਮੇਟੀ ਦੇ ਕਾਰਜਾਂ ਵਿੱਚ ਦਖਲਨਾ ਦੇਵੇ, ਬਲਕਿ ਭੂ-ਮਾਫੀਆ ਨੂੰ ਨਾਜਾਇਜ਼ ਕਬਜ਼ਾ ਕਰਨ ਤੋਂ ਰੋਕੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਭੂ ਮਾਫੀਆ ਨਾਲ ਮਿਲੀਭੁਗਤ ਕਰ ਕੇ ਸ਼੍ਰੋਮਣੀ ਕਮੇਟੀ ਹੇਠਲੇ ਖਾਲਸਾ ਕਾਲਜ ਟਰੱਸਟ ਦੀ ਜ਼ਮੀਨ ਦੇ ਕੰਮਾਂ ਵਿੱਚ ਰੁਕਾਵਟਾਂ ਪਾਉਣ ਤੋਂ ਸਪੱਸ਼ਟ ਹੁੰਦਾ ਹੈ ਕਿ ਕੌਮ ਦੀ ਅਮਾਨਤ ਜ਼ਮੀਨ ਉੱਤੇਸਰਕਾਰ ਨਾਜਾਇਜ਼ ਕਬਜ਼ੇ ਲਈ ਸ਼ਹਿ ਦੇ ਰਹੀ ਹੈ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਨੇ ਕਿਹਾ ਕਿ ਟਰੱਸਟ ਦੀ ਜ਼ਮੀਨ ਉੱਤੇ ਕੁਝ ਲੋਕ ਆਪਣੀ ਜ਼ਮੀਨ ਹੋਣ ਦਾ ਦਾਅਵਾ ਕਰਦੇ ਹਨ, ਪਰ ਕਾਗਜ਼ਾਤ ਵਿੱਚ ਸਪੱਸ਼ਟ ਨਹੀਂ ਕਰ ਸਕੇ ਕਿ ਉਨ੍ਹਾਂ ਨੇ ਇਹ ਜ਼ਮੀਨ ਕਿਸ ਤੋਂ ਖਰੀਦੀ ਅਤੇ ਕਿਸ ਨੇ ਵੇਚੀ ਹੈ।

ਇਸ ਮੌਕੇ ਬੀਬੀ ਜਗੀਰ ਕੌਰ ਨੇ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿੱਚ ਧਰਮ ਅਧਿਐਨ ਵਿਭਾਗ ਦੀ ਮੁਖੀ ਡਾ: ਕਿਰਨਦੀਪ ਕੌਰ ਵੱਲੋਂ ਸੰਪਾਦਤ ਪੁਸਤਕ 'ਗੁਰੂ ਤੇਗ ਬਹਾਦਰ ਜੀ-ਜੀਵਨ, ਬਾਣੀ ਤੇ ਸ਼ਹਾਦਤ' ਲੋਕ ਅਰਪਣ ਕੀਤੀ ਅਤੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿੱਚ ਵੱਖ-ਵੱਖ ਧਰਮਾਂ ਦੇ ਤੁਲਨਾਤਮਕ ਅਧਿਐਨ ਅਤੇ ਬਹੁ-ਭਾਸ਼ਾਵੀ ਅਧਿਐਨ ਰਾਹੀਂ ਵਿਦਵਾਨ ਅਤੇ ਪ੍ਰਚਾਰਕ ਤਿਆਰ ਕੀਤੇ ਜਾਣਗੇ।

# 11 ਸਾਲਾਂ ਦਾ ਟੈਕਸ ਲੈਣ ਲਈ ਪੰਜਾਬ ਸਰਕਾਰ ਵੱਲੋਂ ਨੋਟਿਸ ਜਾਰੀ

ਖੰਨਾ, 29 ਜੂਨ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਪਹਿਲਾਂ ਸ਼ਹਿਰ ਦੀ ਹੱਦ ਤੋਂ ਬਾਹਰ ਪੇਂਡੂ ਖੇਤਰਾਂ ਵਿੱਚ ਕਾਲਜ, ਯੂਨੀਵਰਸਿਟੀਆਂ ਖੋਲ੍ਹਣ ਦੀ ਸ਼ਰਤ ਲਾਈ ਸੀ, ਜਦੋਂ ਇਸਕਾਰਨਕ-ਾਲਜ ਤੇ ਹੋਰ ਇੰਸਟੀਚਿਊਟ ਪਿੰਡਾਂ ਵਿੱਚ ਖੁੱਲ੍ਹ ਗਏ ਤਾਂ ਸਰਕਾਰ ਨੇ ਉਨ੍ਹਾਂ ਉੱਤੇ ਬਿਲਡਿੰਗ ਟੈਕਸ ਲਾ ਕੇ ਲੱਖਾਂ ਰੁਪਏ ਟੈਕਸ ਦੇ ਨੋਟਿਸ ਕੱਢ ਦਿੱਤੇ ਹਨ।

ਵਰਨਣ ਯੋਗ ਹੈ ਕਿ ਅਕਾਲੀ-ਭਾਜਪਾ ਸਰਕਾਰ ਦੇ ਦੋ ਫਰਵਰੀ 2011 ਤੋਂ ਲਾਗੂ ਕੀਤੇ ਪੰਜਾਬ ਇੰਸਟੀਚਿਊਸ਼ਨ ਐਂਡ ਬਿਲਡਿੰਗ ਟੈਕਸ ਐਕਟ ਉੱਤੇ ਟੈਕਸ ਇਕੱਠੇ ਕਰਨ ਬਾਰੇ ਸਰਕਾਰ 11 ਸਾਲ ਤੋਂ ਵੱਧ ਸਮਾਂ ਚੁੱਪ ਰਹੀ ਅਤੇ ਇਸ ਸਾਲ ਦੋ ਫਰਵਰੀ 2011 ਤੋਂ 31 ਮਾਰਚ 2022 ਤਕ ਪੰਜਾਬ ਦੇ ਐਕਸਾਈਜ ਅਤੇ ਟੈਕਸੇਸ਼ਨ ਵਿਭਾਗ ਨੇ ਇਹ ਟੈਕਸ ਜਮ੍ਹਾ ਕਰਵਾਉਣ ਦੇ ਨੋਟਿਸ ਭੇਜ ਦਿੱਤੇ ਹਨ, ਜਿਸ ਨਾਲ ਪੰਜਾਬ ਵਿੱਚ ਹਾਹਾਕਾਰ ਮੱਚ ਗਈ ਹੈ। ਕੁਝ ਸੰਸਥਾਵਾਂ ਟੈਕਸ ਜਮ੍ਹਾ ਕਰਵਾਉਣਾ ਚਾਹੁੰਦੀਆਂ ਹਨ, ਪਰ ਦੋ





ਫੀਸਦੀ ਮਹੀਨਾ ਰੇਟਵਾਲੇ ਜੁਰਮਾਨੇ ਨਾਲ 11 ਸਾਲਾਂ ਦੇ ਟੈਕਸ ਦੀ ਰਕਮ ਦੋ ਗੁਣਾ ਤੋਂ ਵੱਧ ਬਣ ਜਾਂਦੀ ਹੈ। ਜੁਰਮਾਨਾਂ ਜਮ੍ਹਾਂ ਕਰਵਾਉਣ ਵਿੱਚ ਲੋਕ ਲਾਕਡਾਊਨ ਕਾਰਨ ਤੰਗੀ ਮਹਿਸੂਸ ਕਰ ਰਹੇ ਹਨ, ਜਿਸ ਨੋਟਿਫਿਕੇਸ਼ਨ ਨੂੰ ਹਾਈਕੋਰਟ ਨੇ ਰੱਦ ਕੀਤਾ ਸੀ, ਉਸੇ ਆਧਾਰ ਉੱਤੇ ਟੈਕਸ ਦੀ ਮੰਗ ਹੋਣ ਕਾਰਨ ਗ਼ੈਰ-ਕਾਨੂੰਨੀ ਬਿਲਡਿੰਗ ਟੈਕਸ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ।

ਹਾਈਕੋਰਟ ਨੇ 13 ਅਪ੍ਰੈਲ2013 ਦੇ ਆਪਣੇ ਫੈਸਲੇ ਵਿੱਚ ਟੈਕਸ ਲਾਉਣ ਦੇ ਕਾਨੂੰਨ ਨੂੰ ਯੋਗ ਐਲਾਨ ਕੀਤਾ ਸੀ ਪਰ ਹਰ ਕਿਸਮ ਦੀਆਂ ਇਮਾਰਤਾਂ, ਕੱਚੀ ਜਾਂ ਪੱਕੀ ਅਤੇ ਵੱਖ-ਵੱਖ ਥਾਂਵਾਂ ਉੱਤੇ ਇਮਰਾਤਾਂ ਉੱਤੇ ਇੱਕੋ ਰੇਟ ਇੱਕ ਰੁਪਏ ਪ੍ਰਤੀ ਵਰਗ ਫੁੱਟ ਦਾ ਨੋਟੀਫਿਕੇਸ਼ਨ ਰੱਦ ਕਰ ਦਿੱਤਾ। ਇਸ ਦੇ ਰੱਦ ਹੋਣ ਉੱਤੇ ਪੰਜਾਬ ਸਰਕਾਰ ਨੇ 20 ਫਰਵਰੀ 2015 ਨੂੰ ਨਵਾਂ ਨੋਟੀਫਿਕੇਸ਼ਨ ਜਾਰੀ ਕੀਤਾ ਅਤੇ ਆਰ ਸੀ ਸੀ ਲੈਂਟਰ ਅਤੇ ਸ਼ੈਡ ਵਾਲੀ ਇਮ-ਾਰਤ ਉੱਤੇਵੱਖ-ਵੱਖ ਖੇਤਰ ਵਿੱਚ ਵੱਖ-ਵੱਖ ਫਾਰਮੂਲਾ ਬਣਾ ਕੇ ਟੈਕਸ ਦੀ ਦਰ ਮਿਥ ਦਿੱਤੀ। ਇਸ ਸਾਲ ਐਕਸਾਈਜਤੇ ਟੈਕਸੇਸ਼ਨ ਵਿਭਾਗ ਦੋ ਫਰਵਰੀ 2011 ਤੋਂ 19 ਫਰਵਰੀ 2015 ਤਕ ਇੱਕ ਰੁਪਏ ਪ੍ਰਤੀ ਵਰਗ ਫੁੱਟ ਅਤੇ ਉਸਦੇ ਬਾਅਦ 20 ਫਰਵਰੀ 2015 ਦੇ ਨੋਟੀਫਿਕੇਸ਼ਨ ਮੁਤਾਬਕ ਟੈਕਸ ਜਮ੍ਹਾ ਕਰਨ ਦਾ ਨੋਟਿਸ ਕੱਢਿਆ ਤਾਂ ਆਲ ਇੰਡੀਆ ਸਟੀਲ ਰੀ-ਰੋਲਰਜ ਐਸੋਸੀਏਸ਼ਨ (ਆਈਸਰਾ) ਦੇ ਪ੍ਰਧਾਨ ਨੇ ਪੰਜਾਬ ਦੀ ਮੁੱਖ ਸਕੱਤਰ ਵਿੰਨੀ ਮਹਾਜਨ ਨੂੰ ਪੱਤਰ ਲਿਖਿਆ ਕਿ ਜਿਸ ਨੋਟੀਫਿਕੇਸ਼ਨ ਨੂੰ ਹਾਈਕੋਰਟ ਰੱਦ ਕਰ ਚੁੱਕੀ ਹੈ, ਉਸਦੇ ਆਧਾਰ ਉੱਤੇ 19 ਫਰਵਰੀ 2015 ਤਕ ਇੱਕ ਰੁਪਏ ਪ੍ਰਤੀ ਵਰਗ ਫੁੱਟ ਦੀ ਦਰ ਨਾਲ ਜੋ ਟੈਕਸ ਵਸੂਲ ਕਰਨ ਦੇ ਨੋਟਿਸ ਜਾਰੀ ਕੀਤੇ ਗਏ ਹਨ, ਉਹ ਗ਼ੈਰ-ਕਾਨੂੰਨੀ ਹੈ।

# ਲੜਕੀ ਵਾਲਿਆਂ ਦੀ ਜਾਣਕਾਰੀ ਤੋਂ ਬਿਨਾਂ ਹੀ ਬਰਾਤ ਆ ਗਈ

*** ਵਿਚੋਲਾ ਠੱਗੀ ਮਾਰ ਕੇ ਫਰਾਰ, ਲੜਕੀ ਵਾਲਿਆਂ ਨੇ ਬਰਾਤ ਘੇਰੀ**

ਗੁਰਦਾਸਪੁਰ, 29 ਜੂਨ (ਪੋਸਟ ਬਿਊਰੋ)- ਇਸ ਜ਼ਿਲ੍ਹੇ ਵਿੱਚ ਇੱਕ ਲੜਕੇ ਦਾ ਰਿਸ਼ਤਾ ਕਰਵਾਉਣ ਦੇ ਓਹਲੇ ਇੱਕ ਠੱਗ ਵਿਚੋਲੇ ਨੇ ਲੜਕੇ ਵਾਲਿਆਂ ਨੂੰ ਏਨਾ ਗੁੰਮਰਾਹ ਕੀਤਾ ਕਿ ਲੜਕੇ ਵਾਲੇ ਇੱਕ ਲੜਕੀ ਦੇ ਘਰ ਬਰਾਤ ਲੈ ਕੇ ਪਹੁੰਚ ਗਏ, ਜਦੋਂ ਕਿ ਲੜਕੀ ਵਾਲਿਆਂ ਨੂੰ ਵਿਆਹ ਬਾਰੇ ਕੋਈ ਜਾਣਕਾਰੀ ਹੀ ਨਹੀਂ ਸੀ। ਇਸ ਹਾਲਤ ਵਿੱਚ ਭੜਕੇ ਲੜਕੀ ਵਾਲਿਆਂ ਨੇ ਪਹਿਲਾਂ ਬਰਾਤ ਦਾ ਤਿੱਖਾ ਵਿਰੋਧ ਕੀਤਾ, ਪਰ ਬਾਅਦ ਵਿੱਚ ਮੋਹਤਬਰਾਂ ਅਤੇ ਸਾਰੀ ਗੱਲ ਪੁਲਸ ਦੇ ਸਾਹਮਣੇ ਆਉਣ ਉੱਤੇ ਦੋਵਾਂ ਪਰਵਾਰਾਂ ਵਿਚਾਲੇ ਹੋਣ ਵਾਲਾ ਵੱਡਾ ਝਗੜਾ



ਟਲ ਗਿਆ।

ਮਿਲੀ ਜਾਣਕਾਰੀ ਅਨੁਸਾਰ ਸ੍ਰੀ ਹਰਗੋਬਿੰਦਪੁਰ ਇਲਾਕੇ ਦੇ ਇੱਕ ਗੁਰਦੁਆਰਾ ਸਾਹਿਬ ਵਿੱਚ ਕਲਾਨੌਰ ਨੇੜਲੇ ਇੱਕ ਪਿੰਡ ਦਾ ਨੌਜਵਾਨ ਬਰਾਤ ਲੈ ਕੇ ਗਿਆ, ਪਰ ਲੜਕੀ ਵਾਲੇ ਪਾਸੇ ਤੋਂ ਕੋਈ ਓਥੇ ਨਹੀਂ ਸੀ। ਪਹਿਲਾਂ ਲੜਕੇ ਵਾਲਿਆਂ ਨੇ 2-3 ਗੁਰਦੁਆਰਿਆਂ ਵਿੱਚ ਜਾ ਕੇ ਵੇਖਿਆ, ਪਰ ਲੜਕੀ ਵਾਲਿਆਂ ਦੀ ਜਾਣਕਾਰੀ ਨਹੀਂ ਮਿਲੀ। ਜਦੋਂ ਉਨ੍ਹਾਂ ਨੇ ਵਿਚੋਲੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਮੋਬਾਈਲ ਫ਼ੋਨ ਬੰਦ ਸੀ। ਫਿਰ ਲੜਕੇ ਵਾਲਿਆਂ ਨੇ ਲੜਕੀ ਦੇ ਪਿੰਡ ਜਾ ਕੇ ਪਰਵਾਰ ਨਾਲ ਸੰਪਰਕ ਕੀਤਾ ਤਾਂ ਲੜਕੀ ਵਾਲੇ ਇਸ ਵਿਆਹ ਤੋਂ ਬੇਖਬਰ ਸਨ, ਪਰ ਲੜਕੀ ਦੀ ਬਰਾਤ ਆਉਣ ਉੱਤੇਉਹ ਗੁੱਸੇ ਵਿੱਚ ਆ ਗਏ ਅਤੇ ਪੂਰੀ ਬਰਾਤ ਘੇਰ ਕੇ ਪੁਲਸ ਬੁਲਾ ਲਈ। ਇਸ ਦੇ ਬਾਅਦ ਦੋਵਾਂ ਧਿਰਾਂ ਵਿੱਚ ਬੈਠ ਕੇ ਗੱਲਬਾਤ ਹੋਈ ਤਾਂ ਪਤਾ ਲੱਗਾ ਕਿ ਲੜਕੇ ਵਾਲਿਆਂ ਨੂੰ ਇੱਕ ਵਿਚੋਲੇ ਨੇ ਪੈਸੇ ਲੈ ਕੇ ਗੁੰਮ-ਰਾਹ ਕੀਤਾ ਸੀ।

ਦੱਸਿਆ ਗਿਆ ਹੈ ਕਿ ਵਿਚੋਲੇ ਨੇ ਲੜਕੇ ਨੂੰ ਵਿਆਹ ਦਾ ਝਾਂਸਾ ਦਿੱਤਾ ਤੇ ਕਿਹਾ ਕਿ ਗ਼ਰੀਬ ਘਰ ਦੀ ਲੜਕੀ ਹੈ, ਜਿਸ ਦੇ ਸਾਰੇ ਰਸਮ ਰਿਵਾਜ ਉਸੇ ਨੇ ਕਰਨੇ ਹਨ। ਇਸ ਕਾਰਨ ਲੜਕੇ ਵਾਲਿਆਂ ਨੇ ਲੜਕੀ ਪਰਵਾਰ ਨਾਲ ਸਿੱਧੇ ਸੰਪਰਕ ਦੀ ਲੋੜ ਨਹੀਂ ਸਮਝੀ ਅਤੇ ਵਿਚੋਲੇ ਵੱਲੋਂ ਮਿਥੇ ਦਿਨ ਉਸ ਦੇ ਦੱਸੇ ਗੁਰਦੁਆਰਾ ਸਾਹਿਬ ਵਿਖੇ ਬਰਾਤ ਲੈ ਕੇ ਪਹੁੰਚ ਗਏ ਪਰ ਲੜਕੀ ਵਾਲਿਆਂ ਵੱਲੋਂ ਕੋਈ ਵਿਅਕਤੀ ਨਾ ਆਉਣ ਉੱਤੇ ਉਹ ਲੜਕੀ ਦੇ ਪਿੰਡ ਗਏ, ਜਿੱਥੇ ਵਿਵਾਦ ਸ਼ੁਰੂ ਹੋ ਗਿਆ। ਲੜਕੇ ਦੇ ਪਰਵਾਰ ਨੇ ਦੱਸਿਆ ਕਿ ਉਕਤ ਵਿਚੋਲਾ ਵੇਰਕੇ ਵਿੱਚ ਉਹ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ ਅਤੇ ਕਰੀਬ 35 ਹਜ਼ਾਰ ਰੁਪਏ ਅਤੇ ਲੜਕੀ ਨੂੰ ਭੇਜੇ ਗਏ ਸ਼ਗਨਾਂ ਦੇ ਸਾਮਾਨ ਸਮੇਤ ਫਰਾਰ ਹੋ ਗਿਆ ਹੈ।

# ਲੁੱਟਣ ਆਏ ਸਹੁਰਾ ਤੇ ਜਵਾਈ ਤਿਲਕਣ ਕਾਰਨ ਡਿੱਗ ਪਏ, ਸਹੁਰਾ ਗ੍ਰਿਫਤਾਰ, ਜਵਾਈ ਫਰਾਰ

ਕਰਤਾਰਪੁਰ, 29 ਜੂਨ (ਪੋਸਟ ਬਿਊਰੋ)- ਇੱਕ ਵਿਅਕਤੀ ਨੂੰ ਦਾਤਰ ਦੀ ਨੋਕ ਉੱਤੇ ਲੁੱਟਣ ਦੇ ਦੋਸ਼ ਵਿੱਚ ਕਰਤਾਰਪੁਰ ਪੁਲਸ ਨੇ ਸਹੁਰੇ ਨੂੰ ਗ੍ਰਿਫਤਾਰ ਕਰ ਲਿਆ, ਜਦ ਕਿ ਉਸ ਦਾ ਜਵਾਈ ਫਰਾਰ ਹੋ ਗਿਆ ਹੈ। ਇਸ ਤੋਂ ਪਹਿਲਾਂ ਲੋਕਾਂ ਨੇ ਫੜ ਕੇ ਸਹੁਰੇ ਦੀ ਚੋਖੀ ਕੁੱਟਮਾਰ ਕਰ ਦਿੱਤੀ ਸੀ।

ਪੁਲਸ ਦੀ ਮੁੱਢਲੀ ਪੁੱਛਗਿੱਛ ਵਿੱਚ ਦੋਸ਼ੀ ਨੇ ਮੰਨਿਆ ਕਿ ਫਰਾਰ ਹੋਇਆ ਦੂਸਰਾ ਦੋਸ਼ੀ ਉਸ ਦਾ ਜਵਾਈ ਸੀ। ਜਦ ਪੁਲਸ ਮੌਕੇ ਉੱਤੇ ਪਹੁੰਚੀ ਤਾਂ ਦੋਸ਼ੀ ਜਰਨੈਲ ਸਿੰਘ (ਸਹੁਰਾ)ਵਾਸੀ ਟਾਹਲੀ ਸਾਹਿਬ ਰੋਡ, ਕਰਤਾਰਪੁ-ਰਅਤੇ ਫਰਾਰ ਹੋਏ ਗੁਰਬਚਨ ਸਿੰਘ (ਜਵਾਈ) ਵਾਸੀ ਗੁਰਦਾਸਪੁਰ ਦੇ ਖਿਲਾਫ ਪਰਚਾ ਦਰਜ ਕਰ ਕੇ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।ਪਿੰਡ ਖੁਸਰੋਪੁਰ ਦੇਵਸਨੀਕ,ਜੋ ਟਾਹਲੀ ਸਾਹਿਬ ਰੋਡ ਨੇੜੇ ਗੁਰੂਕੁਲ ਇੰਟਰਪ੍ਰਾਈਜ਼ਿਜ਼ ਨਾਂਅ ਦੀ ਦੁਕਾਨ ਉੱਤੇ ਬਿਜਲੀ ਦਾ ਸਾਮਾਨ ਵੇਚਣ ਅਤੇ ਮਨੀ ਟਰਾਂਸਫਰ ਦਾ ਕੰਮ ਕਰਦਾ ਹੈ, ਨੇ ਪੁਲਸ ਨੂੰ ਦਸਿਆ ਕਿ ਐਤਵਾਰ ਦੁਪਹਿਰੇ ਕਰੀਬ ਦੋ ਵਜੇ ਉਹ ਦੁਕਾਨ ਉੱਤੇ ਬੈਠਾ ਸੀ ਤਾਂ ਬਾਈਕ ਉੱਤੇ ਸਵਾਰ ਦੋਵੇਂ ਦੋਸ਼ੀ ਆਏ ਅਤੇ ਰੁਪਏ ਟਰਾਂਸਫਰ ਕਰਨ ਨੂੰ ਕਿਹਾ। ਅਮਰਜੀਤ ਨੇ ਹਾਮੀ ਭਰੀ ਤਾਂ ਗੱਲਬਾਤ ਕਰਦੇ ਹੀ ਦਾਤਰ ਫੜੇ ਲੁਟੇਰੇ ਨੇ ਉਸ ਦੇ ਗੱਲੇ ਵਿੱਚ ਹੱਥ ਪਾ ਕੇ ਕੈਸ਼ ਕੱਢਣਾ ਸ਼ੁਰੂ ਕਰ ਦਿੱਤਾ। ਇਹ ਦੇਖ ਕੇ ਉਸ ਨੇ ਲੁਟੇਰੇ ਦਾ ਹੱਥ ਫੜਿਆ ਤਾਂ ਉਸ ਨੇ ਦਾਤਰ ਨਾਲ ਹਮਲਾ ਕਰ ਦਿੱਤਾ। ਜਦੋਂ ਉਸ ਨੇ ਰੌਲਾ ਪਾਇਆ ਤਾਂ ਉਸ ਨੂੰ ਧੱਕਾ ਦੇ ਕੇ ਦੋਵੇਂ ਬਾਹਰ ਨੂੰ ਭੱਜ ਗਏ। ਦਾਤਰ ਵਾਲਾ ਨੌਜਵਾਨ ਗਲੀ ਵਿੱਚੋਂ ਭੱਜ ਗਿਆ, ਪਰ ਅਧੇੜ ਉਮਰ ਵਾਲਾ ਉਥੇ ਡਿੱਗ ਪਿਆ। ਜਿਸ ਨੂੰ ਲੋਕਾਂ ਨੇ ਫੜ ਲਿਆ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਦੋਸ਼ੀ ਟਾਹਲੀ ਸਾਹਿਬ ਰੋਡ ਦਾ ਰਹਿਣ ਵਾਲਾ ਜਰਨੈਲ ਸਿੰਘ ਉਰਫ ਬੋਲਾ ਹੈ। ਦੋਸ਼ੀਆਂ ਨੇ ਗੱਲੇ ਵਿੱਚੋਂ ਕਰੀਬ ਦੋ ਹਜ਼ਾਰ ਰੁਪਏ ਲੁੱਟੇ ਸਨ। ਪੁਲਸ ਨੇ ਦੋਸ਼ੀ ਜਵਾਈ ਦੀ ਤਲਾਸ਼ ਵਿੱਚ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਤਲਾਕਸ਼ੁਦਾ ਔਰਤ ਵੱਲੋਂ ਸਾਬਕਾ ਪਤੀ ਦੇ ਜਾਅਲੀ ਦਸਤਾਵੇਜ਼ ਬਣਾ ਕੇ ਜਾਇਦਾਦ ਵੇਚਣ ਦੀ ਕੋਸ਼ਿਸ਼

* ਐਨ ਆਰ ਆਈ ਸਤਿੰਦਰ ਸਿੰਘ ਢਿੱਲੋਂ ਵੱਲੋਂ ਸ਼ਿਕਾਇਤ

ਜਲੰਧਰ, 29 ਜੂਨ (ਪੋਸਟ ਬਿਊਰੋ)- ਐਨ ਆਰ ਆਈ ਸਤਿੰਦਰ ਸਿੰਘ ਢਿੱਲੋਂ ਦੀ ਸ਼ਿਕਾਇਤ ਉੱਤੇ ਏ ਡੀ ਜੀ ਪੀ (ਐਨ ਆਰ ਆਈਜ਼) ਵੱਲੋਂ ਕਰਵਾਈ ਜਾਂਚ ਦੇ ਬਾਅਦ ਸਤਿੰ-ਦਰ ਸਿੰਘ ਢਿੱਲੋਂ ਦੇ ਬੇਟੇ ਦੀ ਤਲਾਕਸ਼ੁਦਾ ਪਤਨੀ, ਉਸ ਦੇ ਦੂਸਰੇ ਪਤੀ ਅਤੇ ਸਹੁਰੇ ਦੇ ਖਿਲਾਫ ਐਨ ਆਰ ਆਈ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ। ਇਸ ਬਾਰੇ ਸਤਿੰਦਰ ਸਿੰਘ ਢਿੱਲੋਂ ਵਾਸੀ ਕੈਨੇਡਾ ਨੇ ਦੱਸਿਆ ਕਿ ਉਸ ਦੇ ਪੁੱਤਰ ਸੰਦੀਪ ਸਿੰਘ ਦਾ ਵਿਆਹ ਸਾਲ 1993 ਵਿੱਚ ਇੰਗਲੈਂਡ ਵਿੱਚ ਬਲਜੀਤ ਕੌਰ ਨਾਲ ਹੋਇਆ ਸੀ, ਜਿਸ ਦੇ ਬਾਅਦ ਉਸ ਦਾ ਪਰਵਾਰ ਕੈਨੇਡਾ ਚਲਾ ਗਿਆ। ਸੰਦੀਪ ਸਿੰਘ ਅਤੇ ਬਲਜੀਤ ਕੌਰ ਦੀਆਂ ਤਿੰਨ



ਬੇਟੀਆਂ ਹਨ। ਬਲਜੀਤ ਕੌਰ ਵਿਆਹ ਦੇ ਬਾਅਦ ਤੋਂ ਸੰਦੀਪ ਸਿੰਘ ਨਾਲ ਠੱਗੀ ਮਾਰਦੀ ਰਹਿੰਦੀ ਸੀ ਤੇ ਉਸ ਦੇ ਕਾਫੀ ਡਾਲਰ ਤੇ ਸੋਨਾ ਚੁੱਕ ਕੇ ਲੈ ਗਈ ਸੀ, ਜਿਸ ਤੋਂ ਤੰਗ ਆ ਕੇ ਉਸ ਦੇ ਪੁੱਤਰ ਨੇ 2017 ਵਿੱਚ ਬਲਜੀਤ ਕੌਰ ਨੂੰ ਤਲਾਕ ਦੇ ਦਿੱਤਾ। ਉਨ੍ਹਾ ਦੱਸਿਆ ਕਿ ਉਹ ਫਰਵਰੀ 2021 ਵਿੱਚ ਭਾਰਤ ਆਏ ਅਤੇ ਆਪਣੇ ਜਲੰਧਰ ਕੁੰਜ ਵਾਲੇ ਫਲੈਟ ਵਿੱਚ ਰਹਿਣ ਲੱਗੇ। ਪੰਜਾਬ ਵਿੱਚ ਉਨ੍ਹਾਂ ਦੀ ਸਾਰੀ ਜਾਇਦਾਦ ਕੇਅਰ ਟੇਕਰ ਉਨ੍ਹਾਂ ਦਾ ਦੋਸਤ ਸ਼ਮਸ਼ੇਰ ਸਿੰਘ ਸੀ। ਓਦੋਂ ਸ਼ਮਸ਼ੇਰ ਸਿੰਘ ਦੇ ਕੋਲ ਗੁਰਦੀਪ ਸਿੰਘ ਨਾਂਅ ਦਾ ਆਦਮੀ ਆਇਆ ਤੇ ਮੋਹਾਲੀ ਦੇ ਇੱਕ ਫਲੈਟ ਦਾ ਸੌਦਾ ਕਰਨ ਦੀ ਗੱਲ ਕਰਦਾ ਕਹਿਣ ਲੱਗਾ ਕਿ ਉਨ੍ਹਾਂ ਨੇ ਅੱਧਾ ਫਲੈਟ ਵੇਚਣਾ ਹੈ। ਜਦ ਸ਼ਮਸ਼ੇਰ ਸਿੰਘ ਨੇ ਉਨ੍ਹਾਂ ਨਾਲ ਗੱਲਬਾਤ ਕੀਤੀ ਤਾਂ ਪਤਾ ਲੱਗਾ ਕਿ ਉਹ ਫਲੈਟ ਉਨ੍ਹਾਂ ਦਾ ਹੈ, ਜਿਸ ਦੇ ਜਾਅਲੀ ਕਾਗਜ਼ਾਤ ਸੰਦੀਪ ਸਿੰਘ ਦੀ ਤਲਾਕਸ਼ੁਦਾ ਪਤਨੀ ਨੇ ਬਣਾਏ ਹਨ ਅਤੇ ਉਸ ਨੂੰ ਵੇਚਣ ਦੀ ਭਾਲ ਵਿੱਚ ਹੈ। ਉਨ੍ਹਾਂ ਨੇ ਇਸ ਦੀ ਸ਼ਿਕਾਇਤ ਏ ਡੀ ਜੀ ਪੀ ਨੂੰ ਦਿੱਤੀ, ਜਿਨ੍ਹਾਂ ਨੇ ਇਸ ਦੀ ਜਾਂਚ ਏ ਆਈ ਜੀ ਜਲੰਧਰ ਰੇਂਜ ਨੂੰ ਸੌਂਪੀ। ਏ ਆਈ ਜੀ ਵੱਲੋਂ ਕਰਵਾਈ ਜਾਂਚ ਪਿੱਛੋਂ ਉਨ੍ਹਾਂ ਨੇ ਬਲਜੀਤ ਕੌਰ, ਉਸ ਦੇ ਦੂਸਰੇ ਪਤੀ ਸੁਖਰਾਜ ਬਹਾਦੁਰ ਸਿੰਘ ਤੇ ਸਹੁਰੇ ਗੁਰਦੀਪ ਸਿੰਘ ਦੇ ਖਿਲਾਫ ਠੱਗੀ ਦਾ ਮਾਮਲਾ ਦਰਜ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਗੁਰਦੀਪ ਸਿੰਘ ਦੇ ਖਿਲਾਫ ਪਹਿਲਾਂ ਵੀ ਕਈ ਮਾਮਲੇ ਦਰਜ ਹਨ, ਜਿਸ ਕਾਰਨ ਉਹ ਇਸ ਸਮੇਂ ਜੇਲ੍ਹ ਵਿੱਚ ਬੰਦ ਹੈ ਅਤੇ ਇਹ ਨਵਾਂ ਕੇਸ ਦਰਜ ਹੋਇਆ ਹੈ।

ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

ਸੰਪਰਕ: 416-816-1695

# 'ਸੰਘਾ ਮੋਸ਼ਨ ਪਿਕਚਰਜ਼' ਦੁਆਰਾ ਬਣੀਆਂ ਦੋ ਫ਼ਿਲਮਾਂ ਪੀਲ ਸਕੂਲ ਡਿਸਟ੍ਰਿਕਟ ਬੋਰਡ ਵਿਖੇ ਪ੍ਰਦਰਸ਼ਿਤ ਕੀਤੀਆਂ ਗਈਆਂ

ਬਰੈਂਪਟਨ, (ਡਾ. ਝੰਡ) -ਬੀਤੇ ਦਿਨੀਂ ਸੰਪੰਨ ਹੋਏ ਏਸ਼ੀਅਨ ਹੈਰੀਟੇਜ ਮੰਥ ਦੌਰਾਨ 'ਸੰਘਾ ਮੋਸ਼ਨ ਪਿਕਚਰਜ਼' ਦੇ ਬੈਨਰ ਹੇਠ ਤਿਆਰ ਕੀਤੀਆਂ ਗਈਆਂ ਦੋ ਫ਼ਿਲਮਾਂ ਪੀਲ ਸਕੂਲ ਡਿਸਟ੍ਰਿਕਟ ਬੋਰਡ ਦੇ ਸਕੂਲ ਲੋਹੀਡ ਮਿਡਲ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਨਮੁੱਖ ਪ੍ਰਦਰਸ਼ਿਤ ਕੀਤੀਆਂ ਗਈਆਂ। ਦੋਹਾਂ ਫ਼ਿਲਮਾਂ ਨੂੰ ਦਰਸ਼ਕਾਂ ਵੱਲੋਂ ਬੇਹੱਦ ਪਸੰਦ ਕੀਤਾ ਗਿਆ। ਉਪਰੰਤ, ਉਨ੍ਹਾਂ ਵੱਲੋਂ ਇਨ੍ਹਾਂ ਫ਼ਿਲਮਾਂ ਸਬੰਧੀ ਕਈ ਸੁਆਲ ਪੁੱਛੇ ਗਏ।

ਇਨ੍ਹਾਂ ਵਿਚ ਪਹਿਲੀ ਫ਼ਿਲਮ ਕਈ ਅੰਤਰ-ਰਾਸ਼ਟਰੀ ਪੱਧਰ ਦੇ ਇਨਾਮ ਜਿੱਤ ਕੇ ਨਾਮਣਾ ਖੱਟ ਚੁੱਕੀ ਡਾ. ਜਗਮੋਹਨ ਸਿੰਘ ਸੰਘਾ ਅਤੇ ਉਨ੍ਹਾਂ ਦੇ ਪ੍ਰੋਡਕਸ਼ਨ ਹਾਊਸ 'ਸੰਘਾ ਮੋਸ਼ਨ ਪਿਕਚਰਜ਼' ਵੱਲੋਂ ਬਣਾਈ ਗਈ "ਨੈਵਰ ਅਗੇਨ" ਸੀ। ਫ਼ਿਲਮ ਵਿਚ ਵਿਖਾਇਆ ਗਿਆ ਹੈ ਕਿ ਕਿਵੇਂ ਅੱਲੜ੍ਹ ਵਰੇਸ ਵਿਚ ਇਕ ਨੌਜੁਆਨ ਵੱਲੋਂ ਆਪਣੇ ਮਾਪਿਆਂ ਦਾ ਇਕ ਦੂਸਰੇ ਪ੍ਰਤੀ ਹਿੰਸਕ-ਰਵੱਈਆ ਅੱਖੀਂ ਵੇਖ ਕੇ ਉਸ ਦੇ ਮਨ 'ਤੇ ਕਿੰਨਾ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਉਹ ਸਕੂਲ ਵਿਚ ਕਿਵੇਂ ਅਣਗੌਲਿਆ ਤੇ ਅਣਸੁਰੱਖ਼ਿਅਤ ਮਹਿਸੂਸ ਕਰਦਾ ਹੈ। ਇਹ ਲਘੂ-ਫ਼ਿਲਮ ਅਖ਼ੀਰ ਵਿਚ ਬੜਾ ਹਾਂ-ਪੱਖੀ ਅਤੇ ਉਸਾਰੂ ਸੁਨੇਹਾ ਦਿੰਦੀ ਹੈ ਕਿ ਕਿਵੇਂ ਨੌਜੁਆਨ ਦਿਮਾਗੀ ਦਬਾਅ ਤੇ ਦਰਪੇਸ਼ ਚੁਣੌਤੀਆਂ ਦਾ ਮੁਕਾਬਲਾ ਕਰ ਸਕਦੇ ਹਨ ਅਤੇ ਹਾਂ-ਪੱਖੀ ਰਵੱਈਆ ਰੱਖ ਕੇ ਅੱਗੋਂ ਜੀਵਨ ਵਿਚ ਉਹ ਕਿਵੇਂ ਕਾਮਯਾਬ ਹੋ ਸਕਦੇ ਹਨ। ਵਿਲੀਅਮ ਅਰਨੈੱਸਟ



ਹੈਨਲੇ ਦੀ ਕਵਿਤਾ 'ਇਨਵਿਕਟਸ' ਦੇ ਉਤਸ਼ਾਹੀ ਸ਼ਬਦ "ਆਈ ਐਮ 'ਦ ਮਾਸਟਰ ਆਫ਼ ਮਾਈ ਫੇਟ, ਆਈ ਐਮ 'ਦ ਕੈਪਟਨ ਆਫ਼ ਮਾਈ ਸੋਲ" ਫ਼ਿਲਮ ਦਾ ਕੇਂਦਰ-ਬਿੰਦੂ ਹਨ ਜਿਨ੍ਹਾਂ ਨੇ ਨੈਲਸਨ ਮੰਡੇਲਾ ਨੂੰ ਜੇਲ੍ਹ ਵਿਚ ਜ਼ਿੰਦਾ ਰੱਖਿਆ ਸੀ।

ਇਸ ਫ਼ਿਲਮ ਦੀ ਸ਼ੂਟਿੰਗ ਟੋਰਾਂਟੋ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਫ਼ਿਲਮ ਦੇ ਬਹੁ-ਸੱਭਿਆਚਾਰੀ ਯੂਨਿਟ ਦੇ ਮੈਂਬਰਾਂ ਦੇ ਨਾਲ ਕੀਤੀ ਗਈ ਸੀ ਅਤੇ ਇਸ ਦਾ ਪਹਿਲਾ ਪ੍ਰਦਰਸ਼ਨ 'ਇਫ਼ਸਾ' (ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ ਆਫ਼ ਸਾਊਥ ਏਸ਼ੀਆ) ਵਿਚ ਕੀਤਾ ਗਿਆ ਸੀ। ਉਸ ਤੋਂ ਬਾਅਦ ਇਹ ਫ਼ਿਲਮ ਕਈ ਅੰਤਰ-ਰਾਸ਼ਟਰੀ ਫ਼ਿਲਮੀ ਮੇਲਿਆਂ ਵਿਚ ਵਿਖਾਈ ਗਈ ਜਿਨ੍ਹਾਂ ਵਿਚ 'ਮਿਆਮੀ ਇੰਡੀਪੈਂਨਡੈਂਟ ਫ਼ਿਲਮ ਫ਼ੈਸਟੀਵਲ', 'ਮੂਡੀ ਕਰੈਬ ਇੰਡੀਪੈਂਨਡੈਂਟ ਫ਼ਿਲਮ ਫ਼ੈਸਟੀਵਲ', 'ਟੈਗੋਰ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ' ਅਤੇ 'ਬੈੱਸਟ ਗਲੋਬ ਸ਼ੌਰਟਸ, ਆਦਿ ਸ਼ਾਮਲ ਹਨ।

ਅਗਲੇ ਦਿਨ ਦੂਸਰੀ ਡਾਕੂਮੈਂਟਰੀ ਫ਼ਿਲਮ 'ਆਈ ਐਮ ਸਟਿੱਲ ਮੀ' ਜਿਹੜੀ ਕਿ ਦਿਮਾਗੀ ਸਿਹਤ ਅਤੇ ਮਨੁੱਖੀ ਭਾਵਨਾਵਾਂ ਉੱਪਰ ਆਧਾਰਿਤ ਹੈ, ਦਰਸ਼ਕਾਂ ਦੇ ਰੂ-ਬ-ਰੂ ਕੀਤੀ ਗਈ। ਇਹ ਫ਼ਿਲਮ ਕੈਨੇਡਾ ਦੇ ਲੇਖਕ, ਕਵੀ ਅਤੇ ਟੀ.ਵੀ. ਹੋਸਟ ਡਾ. ਜਗਮੋਹਨ ਸੰਘਾ ਵੱਲੋਂ ਨਿਰਦੇਸ਼ਿਤ ਕੀਤੀ ਗਈ ਹੈ। 'ਮੇਹਰ' (ਮੈਂਟਲ ਐਂਡ ਇਮੋਸ਼ਨਲ ਹੈੱਲਥ ਅਵੇਅਰਨੈੱਸ ਰੈਨੇਸਾਂ) ਉੱਪਰ ਬਣੀ ਇਸ ਫ਼ਿਲਮ ਵਿਚ ਡਿਪਰੈੱਸ਼ਨ, ਮੂਡ, ਚਿੰਤਾ ਅਤੇ ਹੋਰ ਅਣਸੁਖਾਵੀਆਂ ਦਿਮਾਗ਼ੀ ਹਾਲਤਾਂ ਦੇ ਸ਼ਿਕਾਰ ਵੱਖ-ਵੱਖ ਪਾਤਰ (ਕੈਰੈਕਟਰ) ਪੇਸ਼ ਕੀਤੇ ਗਏ ਹਨ ਜੋ ਆਪੋ-ਆਪਣੀ ਕਹਾਣੀ ਬਿਆਨ ਕਰਦੇ ਹਨ। ਥੀਏਟਰ ਦੀਆਂ ਵੱਖ-ਵੱਖ ਸੂਖ਼ਮ ਕਲਾਵਾਂ ਰਾਹੀਂ ਇਸ ਡਾਕੂਮੈਂਟਰੀ ਫ਼ਿਲਮ ਵਿਚ 'ਸਾਈਜ਼ੋਫ਼ਰੇਨੀਆ' ਨੂੰ ਵੀ ਬਾਖ਼ੂਬੀ ਵਿਖਾਇਆ ਗਿਆ ਹੈ।

ਫ਼ਿਲਮ ਦਾ ਅੰਤ ਡਾ. ਜਗਮੋਹਨ ਸੰਘਾ ਦੀ ਮੈਂਟਲ ਹੈੱਲਥ ਸਬੰਧੀ ਲਿਖੀ ਹੋਈ ਕਵਿਤਾ ਦੀਆਂ ਬਾ-ਕਮਾਲ ਸਤਰਾਂ "ਵੈੱਨ ਹੀ ਥੌਟ ਦੈਟ ਲਾਈਫ਼ ਇਜ਼ ਅ ਸੌਂਗ, ਪੀਪਲ ਵਰ ਆਊਟ ਟੂ ਪਰੂਵ ਹਿਮ ਰੌਂਗ, ਲਾਈਕ ਐਨੀਵੰਨ ਐੱਲਜ਼ ਹੀ ਥੌਟ ਹੀ ਇਜ਼ ਨਾਰਮਲ, ਯੈੱਟੇ ਪੀਪਲ ਸਮੱਰਕਡ ਐਂਡ ਐੱਕਟਡ ਸੋ ਫਾਰਮਲ" (ਜਦੋਂ ਉਸ ਨੇ ਸੋਚਿਆ ਕਿ ਜ਼ਿੰਦਗੀ ਇਕ ਗੀਤ ਹੈ ਤਾਂ ਲੋਕ ਉਸ ਨੂੰ ਗ਼ਲਤ ਸਾਬਤ ਕਰਨ ਲਈ ਬਾਹਰ ਨਿਕਲ ਪਏ, ਤੇ ਹੋਰਨਾਂ ਵਾਂਗ ਜਦੋ ਉਸ ਨੇ ਇਹ ਸਮਝਿਆ ਕਿ ਉਹ 'ਨਾਰਮਲ' ਹੈ ਤਾਂ ਵੀ ਲੋਕ ਉਸ ਨੂੰ ਚਿੜਾਉਣ ਲਈ ਹੱਸੇ ਤੇ ਉਨ੍ਹਾਂ ਉਸ ਨਾਲ ਬੁਰਾ ਵਿਹਾਰ ਕੀਤਾ) ਨਾਲ ਹੁੰਦਾ ਹੈ ਜਿਨ੍ਹਾਂ ਵਿਚ ਇਕ ਅਤੀ ਸੁਘੜ, ਸਿਆਣਾ ਤੇ ਸੁਲਝਿਆ ਹੋਇਆ ਨੌਜੁਆਨ ਜੋ ਸਮਾਜ ਵਿਚ ਅਣਸੁਖਾਵੀਆਂ ਦਿਮਾਗ਼ੀ ਪ੍ਰਸਥਿਤੀਆਂ ਵਿਚੋਂ ਗੁਜ਼ਰ ਰਿਹਾ ਹੈ, ਦੀ ਹਾਲਤ ਨੂੰ ਬਾਖ਼ੂਬੀ ਬਿਆਨਦੀਆਂ ਹਨ।

## ਲੱਖਾ ਸਿਧਾਣਾ, ਜੱਸ ਬਾਜਵਾ ਖਿਲਾਫ ਪਰਚਾ ਅਤੇ ਅਕਾਲੀ ਦਲ ਅੰਮ੍ਰਿਤਸਰ ਦੇ ਕਾਰਕੁੰਨਾਂ 'ਤੇ ਲਾਠੀਚਾਰਜ ਨਿਖੇਧੀ



ਟਰਾਂਟੋ (ਕੈਨੇਡਾ) ਪਿਛਲੇ 7 ਮਹੀਨਿਆਂ ਤੋਂ ਚੱਲਦੇ ਆ ਰਹੇ ਕਿਸਾਨ ਅੰਦੋਲਨ ਦੌਰਾਨ ਚੰਡੀਗੜ ਵਿੱਚ ਗਵਰਨਰ ਹਾਊਸ ਤੱਕ ਮਾਰਚ ਕਰਕੇ ਗਵਰਨਰ ਨੂੰ ਯਾਦ ਪੱਤਰ ਦੇਣ ਜਾ ਰਹੇ ਕਿਸਾਨਾਂ ਉਪਰ ਚੰਡੀਗੜ ਪੁਲੀਸ ਨੇ ਪਾਣੀ ਦੀਆਂ ਬੁਛਾੜਾਂ ਅਤੇ ਲਾਠੀਚਾਰਜ ਕਰਕੇ ਅਨੇਕਾਂ ਨੌਜੁਆਨ ਅਤੇ ਕਿਸਾਨ ਜਖਮੀ ਕਰ ਦਿੱਤੇ ਹਨ। ਜਸਕਰਨ ਸਿੰਘ ਕਾਹਨਸਿੰਘਵਾਲਾ ਨਾਲ ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਚੰਡੀਗੜ ਮਾਰਚ ਦੌਰਾਨ ਪੁਲੀਸ ਵਲੋਂ ਕੀਤੇ ਲਾਠੀਚਾਰਜ ਨਾਲ ਅਕਾਲੀ ਦਲ ਅੰਮ੍ਰਿਤਸਰ ਦੇ ਕਾਰਕੁੰਨ ਵਰਿੰਦਰ ਸਿੰਘ ਸੇਖੋਂ, ਕੁਲਵਿੰਦਰ ਸਿੰਘ ਖਾਲਿਸਤਾਨੀ ਅਤੇ ਜਥੇਦਾਰ ਲਖਵੀਰ ਸਿੰਘ ਛੌਂਟੀ ਬੁਰੀ ਤਰਾਂ ਜਖਮੀ ਕਰ ਦਿੱਤੇ ਗਏ ਸਨ ਅਤੇ ਨੌਜੁਆਨ ਆਗੂ ਲੱਖਾ ਸਿਧਾਣਾ, ਗਾਇਕ ਜੱਸ ਬਾਜਵਾ ਅਤੇ ਹੋਰਨਾਂ ਖਿਲਾਫ ਪਰਚੇ ਦਰਜ ਕੀਤੇ ਗਏ ਹਨ।

ਅਸੀਂ ਭਾਰਤ, ਪੰਜਾਬ ਅਤੇ ਹਰਿਆਣਾ ਸਰਕਾਰਾਂ ਦੀਆਂ ਕਿਸਾਨ ਵਿਰੋਧੀ ਕਾਰਵਾਈਆਂ ਦੀ ਸਖ਼ਤ ਨਿਖੇਧੀ ਕਰਦੇ ਹਾਂ। ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੈਨੇਡਾ ਦੇ ਸੀਨੀਅਰ ਮੈਂਬਰ ਸੁਖਮਿੰਦਰ ਸਿੰਘ ਹੰਸਰਾ ਨੇ ਪ੍ਰੈਸ ਦੇ ਨਾਂ ਜਾਰੀ ਕੀਤੇ ਹਨ।

ਹੰਸਰਾ ਨੇ ਕਿਹਾ ਕਿ ਜਦੋਂ ਕੌਮਾਂ ਦੇ ਅੰਦੋਲਨ ਕਰਵਟ ਲੈਂਦੇ ਹਨ, ਤਾਂ ਹਕੂਮਤਾਂ ਚੂਰ ਚੂਰ ਹੋ ਜਾਂਦੀਆਂ ਹਨ। ਹਕੂਮਤਾਂ ਦੀਆਂ ਅਜਿਹੀਆਂ ਸਿਤਮਗਰ ਕਾਰਵਾਈਆਂ ਲੋਕ ਲਹਿਰ ਨੂੰ ਰੋਕ ਨਹੀਂ ਸਕਦੀਆਂ ਹਨ।

ਬੀਤੇ 7 ਮਹੀਨਿਆਂ ਤੋਂ ਤਿੰਨ ਕਾਲੇ ਕਾਨੂੰਨਾਂ ਨੂੰ ਲੈ ਕੇ ਦਿੱਲੀ ਦੀਆਂ ਬਰੂਹਾਂ ਤੇ ਬੈਠੇ ਕਿਸਾਨਾਂ ਦੇ ਹੱਕਾਂ ਤੇ ਮੋਦੀ ਸਰਕਾਰਾਂ ਲਗਾਤਾਰ ਡਾਕੇ ਮਾਰ ਰਹੀ ਹੈ। ਹੱਕ ਹਕੂਕਾਂ ਪ੍ਰਤੀ ਜਾਗਰੂਕ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੇ ਇਸ ਸੰਘਰਸ਼ ਨੂੰ ਆਖਰੀ ਸਾਹਾਂ ਤੱਕ ਲੜਨ ਦਾ ਤਹੱਈਆ ਕੀਤਾ ਹੋਇਆ ਹੈ। ਹੰਸਰਾ ਨੇ ਕਿਹਾ ਕਿ ਪੰਜਾਬ ਦੀ ਤਬਾਹੀ ਦੀ ਠਾਣੀ ਬੈਠੀ ਦਿੱਲੀ ਹਲਕੂਮਤ, ਭਾਰਤ ਦੀ ਤਬਾਹੀ ਦਾ ਕਾਰਣ ਬਣੇਗੀ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਧਰਨੇ, ਮਾਰਚ ਅਤੇ ਮੋਰਚਿਆਂ ਦੀ ਕਵਾਇਦ ਫੇਰ ਹੀ ਕਾਰਗਰ ਹੁੰਦੀ ਹੈ ਅਗਰ ਹਕੂਮਤ ਸੁਹਿਰਦ ਹੋਵੇ, ਪਰ ਦਿੱਲੀ ਦੀਆਂ ਲੋਕ ਵਿਰੋਧੀ ਨੀਤੀਆਂ ਇਹੀ ਸੰਕੇਤ ਦਿੰਦੀਆਂ ਹਨ ਕਿ ਇਨ੍ਹਾਂ ਨਾਲ ਪੰਜਾਬ ਦੀ ਨਿਭਣੀ ਮੁਸ਼ਕਲ ਹੈ।

## ਬਾਲੀਵੁੱਡ ਇੰਡਸਟਰੀ ਵਿੱਚ ਸੰਗੀਤ ਤਿਆਰ ਕਰਨ ਦੇ ਆਪਣੇ ਸੁਪਨੇ ਨੂੰ ਕਦੇ ਨਹੀਂ ਤਿਆਗਿਆ: ਅਨੂੰ ਮਲਿਕ





'ਵਿਸ਼ਵ ਸੰਗੀਤ ਦਿਵਸ' ਮੌਕੇ ਖੁਸ਼ੀ ਸੌਰੀਨ ਦਵੇ (ਮਿਸ ਬਰੈਂਪਟਨ ਦੀ ਜੇਤੂ ਅਤੇ ਮੌਜੂਦਾ ਕੈਨੇਡੀਅਨ ਲਾਅ ਦੀ ਵਿਦਿਆਰਥੀਣ) ਵਲੋਂ ਮਸ਼ਹੂਰ ਬਾਲੀਵੁੱਡ ਸੰਗੀਤ ਨਿਰਦੇਸ਼ਕ ਅਨੂ ਮਲਿਕ ਨਾਲ ਇਕ ਵਿਸ਼ੇਸ਼ ਇੰਟਰਵਿਊ ਕੀਤੀ ਗਈ। ਅਨੂ ਮਲਿਕ ਨੇ ਕੈਨੇਡਾ ਵਿੱਚ ਆਪਣੇ ਸੰਗੀਤ ਪ੍ਰੇਮੀ ਪ੍ਰਸ਼ੰਸਕਾਂ ਨੂੰ ਕੀਮਤੀ ਸੰਦੇਸ਼ ਅਤੇ ਸੁਝਾਅ ਦਿੱਤੇ। ਅਨੂ ਮਲਿਕ ਨੇ ਖੁਸ਼ੀ ਦਵੇ ਨਾਲ ਗੱਲ ਸਾਂਝੀ ਕੀਤੀ ਕਿ ਛੋਟੀ ਉਮਰੇ ਹੀ ਉਸ ਵਿਚ ਸੰਗੀਤ ਤਿਆਰ ਕਰਨ ਦਾ ਜਜ਼ਬਾ ਪੈਦਾ ਹੋ ਗਿਆ ਸੀ। ਉਸਨੇ ਬਾਲੀਵੁੱਡ ਇੰਡਸਟਰੀ ਵਿੱਚ ਸੰਗੀਤ ਤਿਆਰ ਕਰਨ ਦੇ ਆਪਣੇ ਸੁਪਨੇ ਨੂੰ ਕਦੇ ਨਹੀਂ ਤਿਆਗਿਆ।ਅਨੂ ਮਲਿਕ ਨੇ ਕਿਸ਼ੋਰ ਕੁਮਾਰ ਅਤੇ ਲਤਾ ਮੰਗੇਸ਼ਕਰ ਵਰਗੇ ਮਹਾਨ ਗਾਇਕਾਂ ਦੇ ਸਮਰਥਨ ਦੀ ਸ਼ਲਾਘਾ ਕੀਤੀ। ਉਹ ਇਸ ਮਹਾਂਮਾਰੀ ਵਿੱਚ ਸੰਘਰਸ਼ ਕਰ ਰਹੇ ਕੈਨੇਡੀਅਨਾਂ ਨੂੰ ਵੀ ਪ੍ਰੇਰਿਤ ਕਰਦੇ ਹਨ ਕਿ ਉਹ ਆਪਣੀ ਪ੍ਰਤਿਭਾ ਨੂੰ ਆਪਣੇ ਸੁਪਨਿਆਂ ਨੂੰ ਕਦੇ ਨਾ ਛੱਡਣ ਅਤੇ ਆਪਣੀ ਪ੍ਰਤਿਭਾ ਨੂੰ ਪ੍ਰਦਰਸ਼ਿਤ ਕਰਨ ਲਈ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਦੀ ਵਰਤੋਂ ਕਰਨ। ਉਨ੍ਹਾਂ ਕਿਹਾ ਕਿ ਮਹਾਂਮਾਰੀ ਖ਼ਤਮ ਹੋਣ ਤੋਂ ਬਾਅਦ ਇੱਕ ਦਿਨ ਟੋਰਾਂਟੋ ਵਿੱਚ ਆਪਣੇ ਪ੍ਰਸ਼ੰਸਕਾਂ ਨਾਲ ਮੁਲਾਕਾਤ ਕਰਨ ਦੀ ਉਮੀਦ ਕਰਦੇ ਹਨ। ਇਹ ਪ੍ਰੋਗਰਾਮ ਬੀਐੱਮ ਪ੍ਰਾਈਮ, ਆਈ.ਸੀ.ਟੀ.ਵੀ., ਅਤੇ ਟੀ.ਵੀ. ਚੇਅਰ ਤੇ ਕਨੇਡਾ ਦੇ ਟੀ.ਵੀ. ਚੈਨਲਾਂ ਉਤੇ ਪ੍ਰਸਾਰਿਤ ਕੀਤਾ ਗਿਆ ਸੀ।

## ਗੰਗਾ ਵਿੱਚ ਲਾਸ਼ਾਂ ਰੋੜ੍ਹਨ ਦੇ ਕੇਸ ਦੀ ਸੁਣਵਾਈ ਤੋਂ ਸੁਪਰੀਮ ਕੋਰਟ ਦੀ ਨਾਂਹ

* ਮਨੁੱਖੀ ਅਧਿਕਾਰ ਕਮਿਸ਼ਨ ਕੋਲ ਜਾਣ ਨੂੰ ਕਹਿ ਦਿਤਾ

ਨਵੀਂ ਦਿੱਲੀ, 29 ਜੂਨ (ਪੋਸਟ ਬਿਊਰੋ)- ਮ੍ਰਿਤਕਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਨੀਤੀ ਬਣਾਉਣ ਤੇ ਦਾਹ ਸੰਸਕਾਰ, ਕੋਵਿਡ ਪ੍ਰਭਾਵਤ ਲਾਸ਼ਾਂ ਦਫਨਾਉਣ ਅਤੇ ਐਂਬੂਲੈਂਸ ਸੇਵਾਵਾਂ ਲਈ ਵੱਧ ਟੈਕਸ ਕੰਟਰੋਲ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਵਾਲੀ ਪਟੀਸ਼ਨ ਉੱਤੇ ਸੁਣਵਾਰੀ ਕਰਨ ਤੋਂ ਭਾਰਤ ਦੀ ਸੁਪਰੀਮ ਕੋਰਟ ਨੇ ਇਨਕਾਰ ਕਰ ਦਿੱਤਾ ਹੈ।

ਸੁਪਰੀਮ ਕੋਰਟ ਨੇ ਕੱਲ੍ਹ ਪਟੀਸ਼ਨਕਰਤਾ ਦੇ ਵਕੀਲ ਨੂੰ ਕਿਹਾ ਕਿ ਉਹ ਇਸ ਕੇਸ ਨੂੰ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ (ਐਨ ਐਚ ਆਰ ਸੀ) ਕੋਲ ਲਿਜਾ ਸਕਦੇ ਹਨ। ਜਸਟਿਸ ਨਾਗੇਸ਼ਵਰ ਰਾਓ ਤੇ ਜਸਟਿਸ ਹੇਮੰਤ ਗੁਪਤਾ ਦੀ ਬੈਂਚ ਨੇ ਕਿਹਾ, ਤੁਸੀਂ ਗੰਭੀਰ ਸਮੱਸਿਆ ਉਠਾ ਰਹੇ ਹੋ, ਅਸੀਂ ਇਸ ਨਾਲ ਸਹਿਮਤ ਹਾਂ, ਪਰ ਖੁਸ਼ਕਿਸਮਤੀ ਨਾਲ ਸਥਿਤੀ ਅਜੇ ਅਜਿਹੀ ਨਹੀਂ। ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਜਾਓ, ਉਹ ਇਨ੍ਹਾਂ ਮੁੱਦਿਆਂ ਦਾ ਧਿਆਨ ਰੱਖੇਗਾ। ਸੁਣਵਾਈ ਦੌਰਾਨ ਪਟੀਸ਼ਨਰ ਵੱਲੋਂ ਪੇਸ਼ ਹੋਏ ਵਕੀਲ ਨੇ ਦਲੀਲ ਦਿੱਤੀ ਕਿ ਗੰਗਾ ਨਦੀ ਵਿੱਚ ਲਾਸ਼ਾਂ ਮਿਲਣ ਦੀਆਂ ਘਟਨਾਵਾਂ ਦੇ ਪਿਛੋਕੜ ਵਿੱਚ ਮ੍ਰਿਤਕਾਂ ਦੇ ਅਧਿਕਾਰਾਂ ਦੀ ਰਾਖੀ ਦੀ ਨੀਤੀ ਬਣਾਉਣ ਦੇ ਲਈ ਨਿਰਦੇਸ਼ ਦੇਣ ਦੀ ਲੋੜ ਹੈ। ਵਕੀਲ ਨੇ ਦਲੀਲ ਦਿੱਤੀ ਕਿ ਪਟੀਸ਼ਨਰ ਦੇ ਸੰਗਠਨ ਨੇ ਇਸ ਮੁੱਦੇ ਨੂੰ ਹਾਈ ਕੋਰਟ ਵਿੱਚ ਉਠਾਇਆ ਹੈ, ਪਰ ਅਜੇ ਤਕ ਜ਼ਰੂਰੀ ਕਾਰਵਾਈ ਨਹੀਂ ਕੀਤੀ ਗਈ। ਅਦਾਲਤ ਨੇ ਜਵਾਬ ਦਿੱਤਾ, 'ਐਨ ਐਚ ਆਰ ਸੀ ਨੂੰ ਜਵਾਬ ਦੇਣ ਦੇ ਲਈ ਕਿਹਾ ਗਿਆ ਹੈ। ਤੁਸੀਂ ਐਨ ਐਚ ਆਰ ਸੀ ਵਿੱਚ ਜਾਓ। ਤੁਸੀਂ ਕਿੰਨੇ ਮੰਚਾਂ ਨਾਲ ਸੰਪਰਕ ਕਰੋਗੇ? ਤੁਸੀਂ ਪਹਿਲਾਂ ਹਾਈ ਕੋਰਟ ਨਾਲ ਸੰਪਰਕ ਕਰ ਚੁੱਕੇ ਹੋ। ਹਾਈ ਕੋਰਟ ਨੇ ਇੱਕ ਨਿਰਦੇਸ਼ ਦਿੱਤਾ ਹੈ। ਐਨ ਐਚ ਆਰ ਸੀ ਨੇ ਦਖਲ ਦਿਤਾ ਹੈ।' ਇਸ ਮੌਕੇ ਅਦਾਲਤ ਨੇ ਜ਼ੋਰ ਦੇ ਕੇ ਕਿਹਾ ਕਿ ਪਟੀਸ਼ਨ ਵਿਚਲੇ ਮੁੱਦੇ ਗੰਭੀਰ ਹਨ ਅਤੇ ਐਨ ਐਚ ਆਰ ਸੀ ਇਸ ਦੀ ਜਾਂਚ ਦੇ ਲਈ ਲੋੜੀਂਦਾ ਮੰਚ ਹੈ।' ਐਨ ਜੀ ਓ ਟਰੱਸਟ ਡਿਸਟ੍ਰੈਸ ਮੈਨੇਜਮੈਂਟ ਕਲੈਕਟਿਵ ਨੇ ਅਜਿਹੇ ਵਿਸ਼ੇਸ਼ ਕਾਨੂੰਨ ਦੇ ਨਿਯਮ ਦਾ ਜ਼ੋਰ ਦਿੰਦੇ ਹੋਏ ਪਟੀਸ਼ਨ ਦਾਇਰ ਕੀਤੀ ਸੀ, ਜੋ ਮ੍ਰਿਤਕਾਂ ਦੇ ਅਧਿਕਾਰਾਂ ਦੀ ਰਾਖੀ ਕਰੇ। ਪਟੀਸ਼ਨ ਵਿੱਚ ਸੁਪਰੀਮ ਕੋਰਟ ਤੋਂ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਜਲਦੀ ਸਜ਼ਾਯੋਗ ਕਾਰਵਾਈ ਦੇ ਨਾਲ ਦਾਹ ਸੰਸਕਾਰ ਅਤੇ ਐਂਬੂਲੈਂਸ ਸੇਵਾਵਾਂ ਦੇ ਲਈ ਦਰਾਂ ਤੈਅ ਕਰਨ ਬਾਰੇ ਦਿਸ਼ਾ-ਨਿਰਦੇਸ਼ ਜਾਰੀ ਕਰਨ ਲਈ ਵੀ ਕਿਹਾ ਗਿਆ ਹੈ।

## ਵਰਲਡ ਰਿਕਾਰਡ ਬਣਾਉਣ ਵਾਲੇ ਫੁੱਲਾਂ ਦੇ ਸ਼ਹਿਰ ਅਪਰੀਲੀਆ ਨੇ ਫਿਰ ਇਤਿਹਾਸ ਰਚਿਆ

ਰੋਮ, 29 ਜੂਨ (ਪੋਸਟ ਬਿਊਰੋ)- ਇਟਲੀ ਦੀ ਰਾਜਧਾਨੀ ਰੋਮ ਦੇ ਨੇੜੇ ਤੇ ਜ਼ਿਲ੍ਹਾ ਲਾਤੀਨਾ ਦੇ ਸ਼ਹਿਰ ਆਪ੍ਰੀਲੀਆ ਵਿਖੇ ਬੀਤੇ ਦਿਨੀਂ ਫੁੱਲਾਂ ਨਾਲ ਸਜਿਆ ਇੱਕ ਵਿਸ਼ੇਸ਼ ਸਮਾਰੋਹ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਕਿਸਮ ਦੇ ਫੁੱਲਾਂ ਨਾਲ ਸ਼ਹਿਰ ਦੇ ਮਿਊਂਸੀਪਲ ਕਾਰਪੋਰੇਸ਼ਨ ਦੇ ਦਫ਼ਤਰ ਦੇ ਨੇੜੇ ਸੜਕ ਉਪਰ ਵੱਖ-ਵੱਖ ਤਰ੍ਹਾਂ ਦੇ ਫੁੱਲਾਂ ਨਾਲ ਚਿੱਤਰ ਤਿਆਰ ਕੀਤੇ ਗਏ ਸਨ। ਇਸਮੌਕੇ ਇਟਲੀ ਦੇ ਜ਼ਿਲ੍ਹਾ ਲਾਤੀਨਾ ਦੇ ਵੱਖ-ਵੱਖ ਫੁੱਲਾਂ ਦੇ ਵਪਾਰਕ ਅਦਾਰਿਆਂ ਵੱਲੋਂ ਇਸ ਦਿਵਸ ਉੱਤੇ ਫੁੱਲਾਂ ਨਾਲ ਸਜਾਵਟ ਕਰ ਕੇ ਵਿਸ਼ੇਸ਼ ਤੌਰ ਉੱਤੇ ਆਪਣਾ ਯੋਗਦਾਨ ਪਾਇਆ ਗਿਆ।

ਇਸ ਸਮਾਰੋਹ ਵਿੱਚ ਭਾਰਤੀ ਭਾਈਚਾਰੇ ਨੂੰ ਵੀ ਪੇਸ਼ਕਾਰੀ ਦਾ ਮੌਕਾ ਦਿੱਤਾ ਗਿਆ, ਜਿਸ ਵਿੱਚ ਭਾਰਤੀ ਭਾਈਚਾਰੇ ਨੇ ਜਿੱਥੇ ਮਾਂ ਬੋਲੀ ਪੰਜਾਬੀ ਦੀ ਗੱਲ ਕੀਤੀ, ਉਥੇ ਦਿੱਲੀ ਵਿੱਚ ਚੱਲਦੇ ਕਿਸਾਨ ਅੰਦੋਲਨ ਦੀ ਡੱਟਵੀਂ ਹਮਾਇਤ ਫੁੱਲਾਂ ਦੀ ਜੁਬਾਨ ਨਾਲ ਕੀਤੀ, ਜਿਸ ਦੀ ਇਟਾਲੀਅਨ ਤੇ ਹੋਰ ਭਾਈਚਾਰਿਆਂ ਵੱਲੋਂ ਬਹੁਤ ਹੀ ਸ਼ਲਾਘਾ ਕੀਤੀ ਗਈ। ਸਮਾਰੋਹ ਵਿੱਚ ਪੰਜਾਬੀਆਂ ਵੱਲੋਂ ਫੁੱਲਾਂ ਨਾਲ ਮਾਂ ਬੋਲੀ ਪੰਜਾਬੀ ਦੇ ਸਤਿਕਾਰ ਦੇ ਨਾਲ 'ਨੋ ਫਾਰਮਰ, ਨੋ ਫੂਡ-ਨੋ ਫਿਊਚਰ' ਲਿਖਿਆ ਗਿਆ, ਜੋ ਇਟਾਲੀਅਨ ਲੋਕਾਂ ਲਈ ਇੱਕ ਖਿੱਚ ਦਾ ਕੇਂਦਰ ਬਣਿਆ ਹੋਇਆ ਸੀ।

## ਟਵਿੱਟਰ ਨੇ ਜੰਮੂ-ਕਸ਼ਮੀਰ ਤੇ ਲੱਦਾਖ ਨੂੰ ਭਾਰਤ ਤੋਂ ਬਾਹਰ ਵਿਖਾਉਣ ਵਾਲਾ ਨਕਸ਼ਾ ਹਟਾਇਆ

ਨਵੀਂ ਦਿੱਲੀ, 29 ਜੂਨ (ਪੋਸਟ ਬਿਊਰੋ)- ਭਾਰੀ ਵਿਰੋਧ ਪਿੱਛੋਂ ਟਵਿੱਟਰ ਨੇ ਕੱਲ੍ਹ ਜੰਮੂ-ਕਸ਼ਮੀਰ ਅਤੇ ਲੱਦਾਖ ਨੂੰ ਭਾਰਤ ਤੋਂ ਬਾਹਰ ਵਿਖਾਉਣ ਵਾਲੇ ਨਕਸ਼ੇ ਨੂੰ ਆਪਣੀ ਵੈਬਸਾਈਟ ਤੋਂ ਹਟਾ ਲਿਆ ਹੈ। ਸੂਚਨਾ ਟੈਕਨਾਲੋਜੀ (ਆਈ ਟੀ) ਦੇ ਨਵੇਂ ਨਿਯਮਾਂ ਦੀ ਪਾਲਣਾ ਬਾਰੇ ਭਾਰਤ ਸਰਕਾਰ ਨਾਲ ਅੜਿੱਕੇ ਦੌਰਾਨ ਟਵਿਟਰ ਦੀ ਵੈਬਸਾਈਟ ਭਾਰਤ ਦਾ ਗਲਤ ਨਕਸ਼ਾ ਦਿਖਾ ਰਹੀ ਸੀ, ਜਿਸ ਵਿੱਚ ਜੰਮੂ-ਕਸ਼ਮੀਰ ਅਤੇ ਲੱਦਾਖ ਨੂੰ ਵੱਖਰਾ ਦੇਸ਼ ਵਿਖਾਇਆ ਗਿਆ ਸੀ। ਟਵਿੱਟਰ ਵੈਬਸਾਈਟ ਉਤੇ ਕਰੀਅਰ ਬਲਾਕ ਵਿੱਚ 'ਟਵੀਪ ਲਾਈਫ ਸਿਰਲੇਖ' ਤਹਿਤ ਇਹ ਸਪੱਸ਼ਟ ਗੜਬੜੀ ਨਜ਼ਰ ਆਈ ਸੀ। ਇਸ ਬਾਰੇ ਦੇਸ਼ਵਾਸੀਆਂ ਨੇ ਸਖ਼ਤ ਵਿਰੋਧ ਪ੍ਰਗਟਾਇਆ ਅਤੇ ਮਾਇਕ੍ਰੋਬਲਾਗਿੰਗ ਪਲੇਟਫਾਰਮ ਦੇ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ।

ਉਂਝ ਇਹ ਪਹਿਲਾ ਮੌਕਾ ਨਹੀਂ, ਜਦੋਂ ਟਵਿੱਟਰ ਨੇ ਭਾਰਤ ਦਾ ਨਕਸ਼ਾ ਗਲਤ ਢੰਗ ਨਾਲ ਪੇਸ਼ ਕੀਤਾ ਹੈ। ਇਸ ਤੋਂ ਪਹਿਲਾਂ ਉਸਨੇ ਲੇਹ ਨੂੰ ਚੀਨ ਦਾ ਹਿੱਸਾ ਵਿਖਾਇਆ ਸੀ। ਵਿਰੋਧ ਦੌਰਾਨ ਕੱਲ੍ਹ ਸ਼ਾਮ ਟਵਿੱਟਰ ਨੇ ਨਕਸ਼ਾ ਹਟਾ ਲਿਆ।

## ਡਿਜੀਟਲ ਮੀਡੀਆ ਲਈ ਨਵੇਂ ਆਈ ਟੀ ਨਿਯਮਾਂ ਉਤੇ ਰੋਕ ਲਾਉਣ ਤੋਂ ਹਾਈ ਕੋਰਟ ਦਾ ਇਨਕਾਰ

ਨਵੀਂ ਦਿੱਲੀ, 29 ਜੂਨ (ਪੋਸਟ ਬਿਊਰੋ)- ਡਿਜੀਟਲ ਮੀਡੀਆ ਲਈ ਤੈਅ ਕੀਤੇ ਨਵੇਂ ਆਈ ਟੀ ਨਿਯਮਾਂ ਉੱਤੇ ਰੋਕ ਤੋਂ ਦਿੱਲੀ ਹਾਈ ਕੋਰਟ ਨੇ ਇਨਕਾਰ ਕਰ ਦਿੱਤਾ ਅਤੇ ਕਿਹਾ ਹੈ ਕਿ ਇਸ ਸਮੇਂ ਅਜਿਹਾ ਹੁਕਮ ਪਾਸ ਕਰਨ ਲਈ ਪਟੀਸ਼ਨਕਰਤਾਵਾਂ ਨਾਲ ਅਦਾਲਤ ਸਹਿਮਤ ਨਹੀਂ ਹੋ ਸਕਦੀ। ਇਸ ਕੇਸ ਵਿੱਚ ਵਰਨਣ ਯੋਗ ਹੈ ਕਿ 'ਫਾਊਂਡੇਸ਼ਨ ਫਾਰ ਇੰਡੀਪੈਂਡੈਂਟ ਜਰਨਲਿਜ਼ਮ', 'ਦਿ ਵਾਇਰ', 'ਕੁਇੰਟ ਡਿਜੀਟਲ ਮੀਡੀਆ ਲਿਮਟਿਡ'ਅਤੇ 'ਆਲਟ ਨਿਊਜ਼' ਚਲਾਉਣ ਵਾਲੀ ਕੰਪਨੀ ਪ੍ਰਾਵਦਾ ਮੀਡੀਆ ਫਾਊਂਡੇਸ਼ਨ ਨੇ ਸੂਚਨਾ ਤਕਨੀਕ (ਵਿਚੋਲਗੀ, ਦਿਸ਼ਾ ਨਿਰਦੇਸ਼ ਅਤੇ ਡਿਜੀਟਲ ਮੀਡੀਆ ਕੋਡ) ਨਿਯਮਾਂ 2021 ਉਤੇ ਰੋਕ ਦੀ ਅਪੀਲ ਕੀਤੀ ਸੀ। ਇਨ੍ਹਾਂ ਕੰਪਨੀਆਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਤਾਜ਼ਾ ਨੋਟਿਸ ਜਾਰੀ ਕਰ ਕੇ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਨਿਯਮਾਂ ਦਾ ਪਾਲਣ ਕਰਨਾ ਹੋਵੇਗਾ ਅਤੇ ਅਜਿਹਾ ਨਾ ਕਰਨ ਉਤੇ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਜਸਟਿਸ ਸੀ. ਹਰੀ ਸ਼ੰਕਰ ਅਤੇ ਜਸਟਿਸ ਸੁਬਰਾਮਨੀਅਮ ਪ੍ਰਸਾਦ ਦੇ ਬੈਂਚ ਨੇ ਕਿਹਾ ਕਿ ਇਨ੍ਹਾਂ ਕੰਪਨੀਆਂ ਨੂੰ ਸਿਰਫ ਨੋਟੀਫਿਕੇਸ਼ਨ ਦਾ ਪਾਲਣ ਕਰਨ ਦਾ




ਨੋਟਿਸ ਜਾਰੀ ਕੀਤਾ ਗਿਆ ਸੀ, ਜਿਸ ਉੱਤੇ ਕੋਈ ਰੋਕ ਨਹੀਂ ਹੈ। ਅਦਾਲਤ ਨੇ ਕਿਹਾ ਕਿ ਜੇ ਕੰਪਨੀਆਂ ਚਾਹੁਣ ਕਿ ਉਹ ਵਿਸਥਾਰ ਵਿੱਚ ਹੁਕਮ ਜਾਰੀ ਕਰਨ, ਤਾਂ ਇਹਕੇਸ ਰੋਸਟਰ ਬੈਂਚ ਅੱਗੇ ਦੁਬਾਰਾ ਨੋਟੀਫਾਈ ਕੀਤਾ ਜਾ ਸਕਦਾ ਹੈ। ਅਦਾਲਤ ਨੇ ਕਿਹਾ ਕਿ ਹਦਾਇਤਾਂ ਲੈਣ ਪਿੱਛੋਂ ਕੰਪਨੀਆਂ ਇਸ ਬਾਰੇ ਜਾਣੂ ਕਰਵਾ ਸਕਦੀਆਂ ਹਨ।

ਇਨ੍ਹਾਂ ਕੰਪਨੀਆਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਨਿਤਿਆ ਰਾਮਕ੍ਰਿਸ਼ਨਨ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਛੁੱਟੀਆਂ ਪਿੱਛੋਂ ਅਦਾਲਤ ਖੁੱਲ੍ਹਣ ਉਤੇ ਮਾਮਲੇ ਨੂੰ ਸੂਚੀਬੱਧ ਕੀਤਾ ਜਾਵੇ। ਅਦਾਲਤ ਨੇ ਰੋਕ ਲਾਉਣ ਦੀਆਂ ਅਰਜ਼ੀਆਂ ਨੂੰ ਰੋਸਟਰ ਬੈਂਚ ਅੱਗੇ ਸੱਤ ਜੁਲਾਈ ਨੂੰ ਸੂਚੀਬੱਧ ਕਰਨ ਦਾ ਹੁਕਮ ਦਿੱਤਾ।

## ਇਮਰਾਨ ਦੇ ਸੀਨੀਅਰ ਸਲਾਹਕਾਰ ਦੀ ਇਸਰਾਈਲ ਵਿੱਚ ਮੋਸਾਦ ਚੀਫ ਨਾਲ ਗੁਪਤ ਮੀਟਿੰਗ

ਇਸਲਾਮਾਬਾਦ, 29 ਜੂਨ (ਪੋਸਟ ਬਿਊਰੋ)- ਫਲਸਤੀਨ ਨਾਲ ਯਾਰੀ ਨਿਭਾਉਂਦੇ ਹੋਏ ਇਸਰਾਈਲ ਨੂੰ ਸਭ ਤੋਂ ਵੱਡਾ ਦੁਸ਼ਮਣ ਦੱਸਣ ਵਾਲਾ ਪਾਕਿਸਤਾਨ ਅੱਜਕੱਲ੍ਹ ਕੁਝ ਵੱਖਰੀ ਹੀ ਖਿਚੜੀ ਪਕਾ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਾਰਨ ਖਾਨ ਦੇ ਸੀਨੀਅਰ ਸਲਾਹਕਾਰ ਸਈਅਦ ਜ਼ੁਲਫੀਕਾਰ ਬੁਖਾਰੀ ਨੇ ਬੀਤੇ ਨਵੰਬਰ ਵਿੱਚ ਗੁਪਤ ਤਰੀਕੇ ਨਾਲ ਇਸਰਾਈਲ ਦਾ ਦੌਰਾ ਕੀਤਾ ਅਤੇ ਇਸ ਦੌਰਾਨ ਉਸ ਨੇ ਖ਼ੁਫੀਆ ਏਜੰਸੀ ਮੋਸਾਦ ਦੇ ਓਦੋਂ ਦੇ ਚੀਫ ਨਾਲ ਮੁਲਾਕਾਤ ਕੀਤੀ ਸੀ।ਸੂਤਰਾਂ ਨੇ ਦੱਸਿਆ ਕਿ ਬੁਖਾਰੀ ਨੇ ਇਸ ਦੌਰਾਨ ਇਸਰਾਈਲ ਦੇ ਕਈ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਮੁਲਾਕਾਤਾਂ ਨਾਲ ਹੀ ਬੁਖਾਰੀ ਨੇ ਪਾਕਿਸਤਾਨੀ ਫੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਦਾ ਸੰਦੇਸ਼ ਇਸਰਾਈਲ ਨੂੰ ਦਿੱਤਾ ਹੈ। ਇਸਰਾਈਲੀ ਮੀਡੀਆ ਮੁਤਾਬਕ ਦੋਨੋਂ ਦੇਸ਼ ਜਲਦੀ ਹੀ ਕਾਲਾ ਸਾਗਰ ਵਿੱਚ ਸਾਂਝਾ ਸਮੁੰਦਰੀ ਫ਼ੌਜੀ ਅਭਿਆਸ ਕਰਨਗੇ।







# ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)

416-454-3031

647-784-8240

Email: tochisangha1@hotmail.com

CANADIAN GLASS AND WINDOW

# ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ। ਸੰਪਰਕ: ਅਜੈਬ ਸਹੋਤਾ

4165618882, 4164544587

# A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ


ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

# CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202



## Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)


Check our Free E-paper at: www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8", ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'7", ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਨੂੰਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445


Check our Free E-paper at: www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ


## ਲੜਕੇ ਦੀ ਲੋੜ

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772


WWW.KULWINDERCHHINA.COM



KULWINDERCHHINA BROKER 647.293.2327

Call for Free Estimates

A-1 RENOVATION GTA INC

416-456-1462

OVER 15 YEARS OF SERVICE

Professionals in Completing Basements within 3 Weeks

$1,000

Services: • Complete Basement • Tiles • Bathrooms • Plumbing • Laminate • Hardwood Floor • Painting

info@a1renovationgta.com

www.a1renovationgta.com

A-1 RENOVATION GTA INC.

22 Listcreek Road, Brampton L6p 2n6

STARLANE PAINTING

Residential • Commercial • Industrial

• Hotel • Motel • Exterior • Interior • Spray Painting • Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ

416.230.4000 • 647.409.1092

www.STARLANEPAINTING.com

## ਪੀਜ਼ਾ ਡਿਲੀਵਰੀ ਡਰਾਇਵਰਾਂ ਦੀ ਲੋੜ

MAPLE ਵਿਚ ਇਕ ਬਿਜ਼ੀ ਪੀਜ਼ਾ ਸਟੋਰ ਲਈ ਡਿਲੀਵਰੀ ਡਰਾਇਵਰਾਂ ਦੀ ਤੁਰੰਤ ਲੋੜ ਹੈ। ਇਹ ਫੁਲ ਟਾਈਮ ਜੌਬ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਸਟੋਰ ਅੰਦਰ ਕੰਮ ਕਰਨ ਵਾਸਤੇ ਲੇਡੀ ਵਰਕਰਾਂ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ 11 ਵਜੇ ਤੋਂ ਲੈ ਕੇ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।

ਸੰਪਰਕ: 6477043799, 6477059736

## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

# WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton

# UPPAL LAW




AVTAR UPPAL Manager

IMMIGRATION SERVICES

- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES

- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL Barrister,Solicitor

FREE Consultation

Tel: 905-500-1507

351 Parkhurst Square, # 16, Brampton,ON L6T 0C2, Fax: 905-672-7848

* PRIOR APPOINTMENT NECESSARY

